ਕੋਟਿ ਮਧੇ ਕੋਈ ਸੰਤ ਦਿਖਾਇਆ॥

# ਬਾਬਾ ਨੰਦ ਸਿੰਘ ਜੀ

## (ਨਾਨਕਸਰ ਠਾਠ ਕਲੇਰਾਂ)

ਬਾਬਾ ਨੰਦ ਸਿੰਘ ਜੀ ਦਾ ਅੰਮ੍ਰਿਤਮਈ, ਭਗਤੀ ਭਾਵ, ਤਪ ਸਾਧਨਾ ਤੇ ਅਧਿਆਤਮਕ ਸ਼ਕਤੀ ਵਾਲਾ ਰਾਜਯੋਗੀ ਜੀਵਨ ਹਮੇਸ਼ਾ ਹਮੇਸ਼ਾ ਲਈ ਪ੍ਰਾਣੀ ਮਾਤਰ ਖਾਸ ਕਰ ਗੁਰਸਿੱਖਾਂ ਦਾ ਪੱਥ ਪ੍ਰਦਰਸ਼ਕ ਬਣਿਆ ਰਹੇਗਾ। ਆਪ ਜੀ ਨੇ ਜਿਸ ਤਰ੍ਹਾਂ ਕਲਯੁਗ ਦੇ ਇਸ ਭਿਆਨਕ ਪਦਾਰਥਵਾਦੀ ਸਮੇਂ ਅੰਦਰ ਨੀਂਦ, ਭੁੱਖ ਤੇ ਮੋਹ ਮਾਇਆ ਆਦਿ ਦਾ ਤਿਆਗ ਕਰਕੇ ਮਨ ਵਿਰਤੀਆਂ 'ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਚਰਨਾਂ ਨਾਲ ਜੋੜੀਆਂ ਤੇ ਲੱਖਾਂ ਹੀ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਗੁਰਮਤਿ ਦਾ ਸੱਚਾ ਤੇ ਸੁੱਚਾ ਸੰਦੇਸ਼ ਸਮਝਾ ਕੇ ਲੋਕ ਸੁਖੀਏ-ਪ੍ਰਲੋਕ ਸੁਹੇਲੇ ਹੋਣ ਦੀ ਅਮਲੀ ਜਾਂਚ ਸਿਖਾਈ। ਬਾਬਾ ਜੀ ਨੇ ਉਨ੍ਹਾਂ ਦਿਨਾਂ ਅੰਦਰ ਜਦੋਂ ਕਿ ਆਵਾਜਾਈ ਦੇ ਸਾਧਨਾਂ ਦੀ ਭਾਰੀ ਕਮੀ ਸੀ, ਬਿਖੜੇ ਰਸਤੇ ਸਨ। ਆਪ ਜਿਹਾ ਦਰਗਾਹੀ ਮਹਾਂਪੁਰਸ਼, ਰਿਸ਼ੀ, ਜਪੀ, ਤਪੀ, ਤਿਆਗੀ, ਵੈਰਾਗੀ ਤੇ ਸੰਤ ਕੋਈ ਨਹੀਂ ਹੋਇਆ। ਜਿਵੇਂ ਸੂਰਜ ਦੀਆਂ ਕਿਰਨਾਂ ਜਾਂ ਰੇਤ ਦੇ ਕਿਣਕੇ ਗਿਣੇ ਨਹੀਂ ਜਾ ਸਕਦੇ। ਠੀਕ ਇਸੇ ਪ੍ਰਕਾਰ ਇਸ ਭਖਦੇ ਕਲਯੁਗੀ ਜੀਵਾਂ ਦੇ ਮਨਾਂ ਅੰਦਰ ਗੁਰਬਾਣੀ ਦੇ ਸੰਦੇਸ਼ ਦੀ ਠੰਢ ਵਰਤਾਉਣ ਲਈ ਜੋ ਪਰਉਪਕਾਰ ਆਪ ਜੀ ਨੇ ਕੀਤੇ ਉਨ੍ਹਾਂ ਦੀ ਗਿਣਤੀ ਕਰਨੀ ਭੀ ਅਸੰਭਵ ਹੈ।

ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਤੱਖ ਸਰੂਪ ਮੰਨ ਕੇ ਪੂਜਣ ਤੇ ਪ੍ਰਚਾਰਨ ਦੀ ਜੋ ਲਹਿਰ ਆਪ ਜੀ ਨੇ ਅਮਲੀ ਰੂਪ ਵਿੱਚ ਚਲਾਈ, ਉਸ ਨਾਲ ਨਾ ਕੇਵਲ ਨਾਸਤਿਕਤਾ ਨੂੰ ਹੀ ਠੱਲ ਪਈ ਸਗੋਂ ਪ੍ਰਾਣੀਮਾਤਰ ਦੇ ਦਿਲਾਂ ਅੰਦਰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਤੀ ਅਥਾਹ ਸ਼ਰਧਾ ਭਾਵਨਾ, ਵਿਸ਼ਵਾਸ਼, ਪ੍ਰੇਮ ਤੇ ਸਤਿਕਾਰ ਭੀ ਪੈਦਾ ਹੋਇਆ।

ਬਾਬਾ ਜੀ ਦੇ ਮੁੱਖ ਬਚਨ ਤੇ ਉਪਦੇਸ਼ ਇਹੋ ਹਨ "ਕਲਯੁਗ ਵਿੱਚ ਗੁਰੂ, ਗੁਰੂ ਨਾਨਕ ਹਨ, ਉਨ੍ਹਾਂ ਦੀ ਬਾਣੀ ਪੜ੍ਹੋ, ਜੋ ਗੁਰੂ ਨਾਨਕ ਦਾ ਬਣ ਗਿਆ, ਉਹਦੀ ਦੁਨੀਆਂ ਬਣ ਗਈ। ਗੁਰੂ ਨਾਨਕ ਪਾਤਸ਼ਾਹ ਅੱਜ ਸਾਡੇ ਪਾਸ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿੱਚ ਹਾਜ਼ਰ ਹਨ, ਇਨ੍ਹਾਂ ਦੀ ਮਿਹਰ ਹਾਸਲ ਕਰਨ ਲਈ ਖੰਡੇ ਬਾਟੇ ਦਾ ਅੰਮ੍ਰਿਤ ਛਕਕੇ ਵੱਧ ਤੋਂ ਵੱਧ ਗੁਰਬਾਣੀ ਪੜ੍ਹੋ, ਅਮਲੀ ਜੀਵਨ ਧਾਰਨ ਕਰੋ, ਤੇ ਉਹਨਾਂ ਹੀ ਮਹਾਂਪੁਰਸ਼ਾਂ ਦੀ ਸੰਗਤ ਕਰੋ ਜੋ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨਾਲ ਜੋੜਦੇ ਹੋਣ, ਜੋ ਗੁਰੂ ਨਾਨਕ ਨਾਲੋਂ ਤੋੜੇ, ਉਸ ਪਾਸੋਂ ਕਿਨਾਰਾ ਕਰ ਜਾਵੋ। ਜਿੱਥੇ ਸਤਿਸੰਗਤ ਉੱਥੇ ਗੁਰੂ ਨਾਨਕ ਸਾਹਿਬ ਜੀ, ਜਿੱਥੇ ਗੁਰੂ ਨਾਨਕ, ਉੱਥੇ ਨਿਰੰਕਾਰ ਪਾਤਸ਼ਾਹ, ਇਸ ਲਈ ਸਤਿਸੰਗਤ ਕਰਕੇ ਜੀਵਨ ਸਫਲਾ ਕਰੋ। ਅਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰ ਦੇ ਸੇਵਕ, ਦਾਸਨਿਦਾਸ ਬਣ ਕੇ ਗਰੀਬੀ (ਨਿਰਮਾਣਤਾ) ਦਾ ਜੀਵਨ ਜਿਉਣਾ ਹੈ। ਤੇ ਜੋ ਕੁਝ ਮੰਗਣਾ ਹੈ, ਉਹ ਮਹਾਨ ਦਾਤਾਂ ਦੇ ਮਾਲਕ ਸ਼੍ਰੀ ਗੁਰੂ ਨਾਨਕ ਸਰੂਪ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਪਾਸੋਂ ਹੀ ਮੰਗਣਾ ਹੈ, ਕਿਸੇ ਹੋਰ ਪਾਸੋਂ ਨਹੀਂ।"

ਬਾਬਾ ਨੰਦ ਸਿੰਘ ਜੀ ਜਿੱਥੇ ਵੀ ਜਾਇਆ ਕਰਦੇ ਸਨ ਉੱਥੇ ਸੰਗਤਾਂ ਨੂੰ ਇਹੋ ਉਪਦੇਸ਼ ਦਿਆ ਕਰਦੇ ਸਨ। "ਗੁਰਬਾਣੀ ਕੇਵਲ ਪੜ੍ਹਣੀ ਹੀ ਨਹੀਂ, ਇਸਦੇ ਅੱਖਰ-ਅੱਖਰ ਤੇ ਅਮਲ ਵੀ ਕਰਨਾ ਹੈ। ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅੱਖਰ-ਅੱਖਰ ਗੁਰੂ ਨਾਨਕ ਰੂਪ ਹੈ। ਇਹ ਅੱਖਰ ਗੁਰੂ ਨਾਨਕ ਦੀਆਂ ਅੱਖੀਆਂ ਹਨ, ਇਨ੍ਹਾਂ ਅੱਖਰਾਂ ਤੇ ਅਮਲ ਕਰਕੇ ਹੀ ਅਸੀਂ ਗੁਰੂ ਨਾਨਕ ਦੇ ਦਰਸ਼ਨ ਕਰਨੇ ਹਨ। ਜਿਨ੍ਹਾਂ ਨੇ ਇਸ ਗੱਲ ਨੂੰ ਜਾਣ ਲਿਆ, ਉਹ ਸ਼ਰਧਾ ਭਾਵਨਾ ਤੇ ਪ੍ਰੇਮ ਨਾਲ ਸੇਵਾ ਤੇ ਪੂਜਾ ਕਰਦੇ ਹਨ, ਉਨ੍ਹਾਂ ਦਾ ਬੇੜਾ ਹੀ ਪਾਰ ਹੈ। ਪਰ ਅਜਿਹੇ ਗੁਰਸਿੱਖ ਵਿਰਲੇ ਹੀ ਹਨ। ਸ਼੍ਰੀ ਗੁਰੂ ਗਰੰਥ ਸਾਹਿਬ ਜੀ ਗੁਰੂ ਨਾਨਕ ਸਰੂਪ ਹਨ, ਅਸੀਂ ਗੁਰਮੰਤਰ ਦਾ ਜਾਪ ਕਰਦੇ ਹੋਇਆਂ ਧਿਆਨ ਗੁਰੂ ਨਾਨਕ ਪਾਤਸ਼ਾਹ ਦਾ ਕਰਨਾ ਹੈ। ਜਿਨ੍ਹਾਂ ਨੂੰ ਨਾਮ ਬਾਣੀ ਦਾ ਰਸ ਆ ਗਿਆ ਉਨ੍ਹਾਂ ਦੀ ਸੰਗਤ ਕਰੋ। ਜੁੜਿਆਂ ਦੀ ਸੰਗਤ ਕਰਨ ਨਾਲ ਅਸੀਂ ਵੀ ਨਿਰੰਕਾਰ ਨਾਲ ਜੁੜ ਜਾਵਾਂਗੇ। ਜਿਹੜਾ ਗੁਰੂ ਨਾਨਕ ਨਾਲ ਜੋੜਦਾ ਹੈ ਉਸਦੀ ਹੀ ਸੰਗਤ ਕਰੋ। ਪਰ ਜਿਹੜਾ ਆਪਣੇ ਨਾਲ ਜੋੜੇ ਉਸਦੀ ਸੰਗਤ ਨਾ ਕਰੋ। ਮਨਮੱਤ ਤੇ ਅਨਮਤ ਦਾ ਤਿਆਗ ਕਰਕੇ ਗੁਰੂ ਦੀ ਮੱਤ ਧਾਰਨ ਕਰੋ। ਸ਼੍ਰੀ ਗੁਰੂ ਗਰੰਥ ਸਾਹਿਬ ਜੀ 'ਪ੍ਰਤੱਖ ਗੁਰੂ' ਹਨ, ਇਨ੍ਹਾਂ ਦੀ ਸੇਵਾ ਗੁਰੂ ਨਾਨਕ ਦਾ ਸਰੂਪ ਸਮਝ ਕੇ ਤੇ ਹਾਜ਼ਰ ਨਾਜ਼ਰ ਜਾਣ ਕੇ ਕਰੋ। ਦੁਨਿਆਵੀ ਤੇ ਪ੍ਰਮਾਰਥ ਸਭ ਵਸਤਾਂ ਦੇ ਦਾਤੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਹਨ, ਇਨ੍ਹਾਂ ਦੇ ਚਰਨਾਂ ਵਿੱਚੋਂ ਹੀ ਅਸੀਂ ਦੁਨਿਆਵੀ ਤੇ ਪ੍ਰਮਾਰਥੀ ਦਾਤਾਂ ਦੀਆਂ ਝੋਲੀਆਂ ਭਰ ਸਕਦੇ ਹਾਂ।"

ਬਾਬਾ ਜੀ ਨੇ ਸਾਰੀ ਉਮਰ ਇਕੱਲੀ ਇਸਤਰੀ ਨੂੰ ਠਾਠ ਵਿੱਚ ਆਉਣ ਦੀ ਇਜ਼ਾਜਤ ਨਹੀਂ ਦਿੱਤੀ ਕਿਸੇ ਪ੍ਰੇਮੀ ਸ਼ਰਧਾਲੂ ਦੇ ਘਰ ਨਾ ਕਦੇ ਆਪ ਗਏ ਅਤੇ ਨਾ ਹੀ ਕਿਸੇ ਬਿਹੰਗਮ ਨੂੰ ਕਿਸੇ ਖੁਸ਼ੀ ਜਾਂ ਗ਼ਮੀ ਦੇ ਮੌਕੇ 'ਤੇ ਜਾਣ ਦਿੰਦੇ ਸਨ। ਇਸੇ ਪ੍ਰਕਾਰ ਠਾਠ ਵਿਖੇ ਕਿਸੇ ਵੀ ਸ਼ਰਧਾਲੂ ਦੀ ਖੁਸ਼ੀ ਗ਼ਮੀ ਨੂੰ ਮੁੱਖ ਰੱਖ ਕੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਨਾਂ ਹੀ ਸ਼੍ਰੀ ਆਖੰਡ ਪਾਠ ਕੀਤੇ ਜਾਂਦੇ ਅਤੇ ਨਾ ਹੀ ਸੁਖਨਾ ਆਦਿ ਦੀ ਅਰਦਾਸ ਹੀ ਕੀਤੀ ਜਾਂਦੀ। ਇਸੇ ਪ੍ਰਕਾਰ ਠਾਠ ਵਿਖੇ ਆਨੰਦ ਕਾਰਜ ਕਰਵਾਏ ਜਾਣ ਦੀ ਵੀ ਸਖ਼ਤ ਮਨਾਹੀ ਸੀ। ਇਹ ਮਰਿਯਾਦਾ ਅੱਜ ਵੀ ਨਾਨਕਸਰ ਕਲੇਰਾਂ ਨਾਲ ਸੰਬੰਧਿਤ ਸਾਰੇ ਅਸਥਾਨਾਂ ਉੱਪਰ ਜਿਉਂ ਦੀ ਤਿਉਂ ਕਾਇਮ ਹੈ। ਬਾਬਾ ਜੀ ਜਿੱਥੇ ਵੀ ਜਾਂਦੇ ਸਨ ਉੱਥੇ ਝੌਂਪੜੀ ਜਾਂ ਕੱਖਾਂ ਦੀ ਕੁੱਲੀ ਬਣਾ ਕੇ ਰਹਿੰਦੇ ਅਤੇ ਸੰਗਤਾਂ ਨੂੰ ਉਹਨਾਂ ਕੁੱਲੀਆਂ ਵਿੱਚ ਰਹਿੰਦਿਆਂ ਹੋਇਆਂ ਹੀ ਗੁਰੂ ਨਾਨਕ ਪਾਤਸ਼ਾਹ ਦਾ ਸੱਚਾ ਅਤੇ ਸੁੱਚਾ ਸੰਦੇਸ਼ ਵੰਡਦੇ। ਉੱਥੋਂ ਜਾਣ ਲੱਗਿਆਂ ਉਨ੍ਹਾਂ ਕੁੱਲੀਆਂ ਨੂੰ ਬਾਬਾ ਜੀ ਹੱਥੀਂ ਅੱਗ ਲਾ ਦਿੰਦੇ ਸਨ। ਇਹ ਬਾਬਾ ਜੀ ਦੇ ਤਿਆਗ ਦੀ ਨਿਸ਼ਾਨੀ ਹੈ, ਕਿ ਬਾਬਾ ਜੀ ਨੇ ਨਾ ਕਿਸੇ ਇੱਕ ਇੰਚ 'ਤੇ ਕਬਜ਼ਾ ਕੀਤਾ ਅਤੇ ਨਾ ਹੀ ਕਿਸੇ ਵਸਤੂ ਦਾ ਮੋਹ ਕੀਤਾ। ਜਿੱਥੇ ਵੀ ਜਾਂਦੇ ਸਨ ਖਾਲੀ ਹੱਥ ਹੀ ਪਹੁੰਚਦੇ ਅਤੇ ਖਾਲੀ ਹੱਥ ਹੀ ਉੱਥੋਂ ਤੁਰ ਪੈਂਦੇ। ਨਾਲ ਦੇ ਬਹਿੰਗਮਾਂ ਨੂੰ ਵੀ ਕਿਸੇ ਪਾਸੋਂ ਕੁਝ ਲੈਣ ਨਹੀਂ ਸਨ ਦਿੰਦੇ ਅਤੇ ਉਹਨਾਂ ਪ੍ਰਤੀ ਸਖ਼ਤ ਹਦਾਇਤ ਸੀ ਕਿ ਕੋਈ ਵੀ ਬਹਿੰਗਮ ਆਪਣੇ ਪਾਸ ਕੋਈ ਪੈਸਾ ਜਾਂ ਵਸਤੂ ਨਹੀਂ ਰੱਖ ਸਕਦਾ। ਜਿੱਥੇ ਵੀ ਜਾਣਾ ਖਾਲੀ ਹੱਥ ਸਭ ਨੂੰ ਨਾਲ ਲੈ ਕੇ ਜਾਂਦੇ ਸਨ। ਬਖਸ਼ਿਸ਼ ਕਰਦੇ ਸਨ ਕਿ ਵਾਹਿਗੁਰੂ ਉੱਤੇ ਭਰੋਸਾ ਹੀ ਸਭ ਤੋਂ ਵੱਡਾ ਖਜ਼ਾਨਾ ਹੈ।

ਬਾਬਾ ਜੀ ਸੰਗਤਾਂ ਨੂੰ ਵੀ ਉਪਦੇਸ਼ ਦਿਆ ਕਰਦੇ ਸਨ ਕਿ "ਜਿਸ ਤਰ੍ਹਾਂ ਸਾਡੇ ਸਰੀਰ ਲਈ ਰੋਟੀ, ਕੱਪੜੇ ਦੀ ਲੋੜ ਹੈ, ਇਸੇ ਤਰ੍ਹਾਂ ਆਤਮਾ ਲਈ ਨਿਤਨੇਮ ਭੀ ਜ਼ਰੂਰੀ ਹੈ। ਅੰਮ੍ਰਿਤ ਵੇਲੇ ਉੱਠਕੇ ਗੁਰਸਿੱਖ ਇਸ਼ਨਾਨ ਕਰੇ, ਗੁਰਮੰਤਰ ਦਾ ਇਕਾਗਰ ਚਿਤ ਹੋ ਕੇ ਜਾਪ ਕਰੇ ਫਿਰ ਨਿਤਨੇਮ ਕਰੇ। ਜਿੱਥੇ ਨਿਤਨੇਮ ਹੈ, ਉੱਥੇ ਹੀ ਗੁਰੂ ਦੀ ਸਿੱਖੀ ਹੈ। ਦਿਨ ਦੇ ਸਮੇਂ ਵੀ ਗੁਰਬਾਣੀ ਪੜ੍ਹਣ-ਸੁਨਣ ਤੇ ਗੁਰਮੰਤਰ ਜਪਣ ਵੱਲ ਕੰਮ ਕਰਦਿਆਂ ਵੀ ਧਿਆਨ ਦੇਵੇ। ਹਰ ਕਾਰਜ ਦੀ ਸਫਲਤਾ, ਦੁੱਖਾਂ ਦੀ ਨਵਿਰਤੀ ਤੇ ਪਾਪ ਬੰਧਨ ਤੋਂ ਮੁਕਤ ਹੋਣ ਲਈ ਗੁਰਸਿੱਖ ਸਾਹਿਬ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਸੱਚੇ ਦਿਲੋਂ ਨਿਸ਼ਕਾਮ ਭਾਵ ਨਾਲ ਅਰਦਾਸ ਕਰੇ। 'ਵਾਹਿਗੁਰੂ' ਦੇ ਭਾਣੇ ਵਿੱਚ ਰਹੋ, 'ਵਾਹਿਗੁਰੂ' ਦੇ ਨਾਮ ਵਿੱਚ ਰੰਗੇ ਰਹੋ, 'ਵਾਹਿਗੁਰੂ' ਜੋ ਕੁਝ ਕਰਦਾ ਹੈ, ਉਸੇ ਨੂੰ ਭਾਣਾ ਕਰ ਕੇ ਮੰਨੋ। ਇਸੇ ਵਿੱਚ ਹੀ ਪ੍ਰਮ ਸੁੱਖ ਦਾ ਭੇਦ ਛੁਪਿਆ ਹੈ। ਹਰ ਇਨਸਾਨ ਨੂੰ ਆਪਣੇ ਫ਼ਰਜ਼ ਅਤੇ ਕਰਤੱਵ ਦੀ ਪਾਲਣਾ, ਇਮਾਨਦਾਰੀ ਤੇ ਸੱਚਾਈ ਨੂੰ ਸਾਹਮਣੇ ਰੱਖ ਕੇ ਕਰਨੀ ਚਾਹੀਦੀ ਹੈ। ਦੂਜਿਆਂ ਨੂੰ ਵੀ ਫ਼ਰਜ਼ਾਂ ਤੇ ਕਰਤੱਵਾਂ ਦੀ ਪਾਲਣਾ ਪ੍ਰਤੀ ਸੁਚੇਤ ਕਰੇ। ਜਿਸ ਤਰ੍ਹਾਂ ਪੰਛੀ ਨੂੰ ਆਕਾਸ਼ 'ਚ ਉਡਾਰੀਆਂ ਮਾਰਨ ਲਈ ਦੋ ਪੰਖਾਂ ਦੀ ਜ਼ਰੂਰਤ ਹੈ, ਇਸੇ ਤਰ੍ਹਾਂ ਗੁਰਸਿੱਖ ਨੂੰ ਨਿਰੰਕਾਰ ਪਾਤਸ਼ਾਹ ਦੇ ਦਰਬਾਰ ਵਿੱਚ ਪਹੁੰਚਣ ਲਈ ਸੇਵਾ ਤੇ ਸਿਮਰਨ ਦੋਨੋਂ ਹੀ ਲੋੜੀਂਦੇ ਹਨ।" ਬਾਬਾ ਜੀ ਦਾ ਸਮੁੱਚਾ ਜੀਵਨ ਉਕਤ ਮਹਾਨ ਗੁਣਾਂ ਦੇ ਦੁਆਲੇ ਹੀ ਕੇਂਦਰਿਤ ਰਿਹਾ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਬ੍ਰਹਮ ਵਿੱਦਿਆ ਤੇ ਅੰਮ੍ਰਿਤ ਦੀ ਅਨਮੋਲ ਦਾਤ ਹਾਸਲ ਕਰਨ ਵਾਲੇ ਪੰਜਾ ਪਿਆਰਿਆਂ ਦੇ ਮੁਖੀ ਬਾਬਾ ਦਯਾ ਸਿੰਘ ਜੀ ਦੀ ਗੁਰਮੰਤਰ ਗੁਰੂ ਬੰਸਾਵਲੀ ਦੇ ੯ਵੇਂ ਵਰੋਸਾਏ ਹੋਏ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦਾ ਜਨਮ 13 ਕੱਤਕ ਸੰਮਤ 1927 ਪੂਰਨਮਾਸ਼ੀ ਵਾਲੇ ਦਿਨ ਅੰਮ੍ਰਿਤ ਵੇਲੇ 1 ਵੱਜ ਕੇ 13 ਮਿੰਟ ਤੇ ਪਿਤਾ ਸ੍ਰ: ਜੈ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਜੀ ਦੀ ਸੁਭਾਗੀ ਕੁੱਖ ਤੋਂ ਪਿੰਡ ਸ਼ੇਰਪੁਰਾ ਤਹਿ: ਜਗਰਾਵਾਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ।

*ਧੰਨੁ ਸੁ ਵੰਸੁ ਧੰਨੁ ਸੁ ਪਿਤਾ*
*ਧੰਨੁ ਸੁ ਮਾਤਾ ਜਿਨਿ ਜਨ ਜਣੇ*
*ਕਬੀਰ ਸੋਈ ਕੁਲ ਭਲੀ*
*ਜਾ ਕੁਲ ਹਰਿ ਕੋ ਦਾਸੁ*
*ਧੰਨੁ ਧੰਨੁ ਪਿਤਾ ਧਨ ਧੰਨੁ ਕੁਲੁ*
*ਧਨੁ ਧਨੁ ਸੁ ਜਨਨੀ*
*ਜਿਨਿ ਗੁਰੂ ਜਣਿਆ ਮਾਇ॥*

ਆਪ ਬਚਪਨ ਤੋਂ ਹੀ ਥੋੜ੍ਹਾ ਬੋਲਣ, ਇਕਾਂਤਚਿਤ, ਨਾਮ ਬਾਣੀ ਦੇ ਰਸੀਏ ਤੇ ਪਰਉਪਕਾਰੀ ਸਨ। ਬਚਪਨ ਵਿੱਚ ਆਪ ਜੀ ਨੇ ਅਨੇਕ ਲੀਲ੍ਹਾ ਕੌਤਕ ਵਰਤਾਏ, ਜਿਸ ਨਾਲ ਇਲਾਕੇ ਭਰ ਵਿੱਚ ਆਪ ਜੀ ਦਾ ਜਸ ਚੰਦਨ ਦੀ ਖੁਸ਼ਬੂ ਵਾਂਗ ਫੈਲ ਗਿਆ। ਆਪ ਰਾਮਗੜ੍ਹੀਆ ਵੰਸ਼ ਦੇ ਵਿੱਚੋਂ ਸਨ। ਤੇ ਕੁਝ ਵੱਡੇ ਹੋਏ ਤਾਂ ਪਿਤਾ ਪੁਰਖੀ ਕਾਰਜ ਰਾਜਗਿਰੀ ਤੇ ਲੱਕੜ ਆਦਿ ਦਾ ਕੰਮ ਕਰਨ ਲੱਗੇ। ਹਰ ਸਮੇਂ ਵਾਹਿਗੁਰੂ ਦੀ ਯਾਦ ਮਨ ਵਿੱਚ ਰੱਖਦੇ ਹੋਏ ਪਿੰਡ ਵਿੱਚ ਆਏ ਸਾਧੂ

ਸੰਤਾਂ ਦੀ ਸੰਗਤ ਵਿੱਚ ਬਹੁਤ ਸਮਾਂ ਗੁਜ਼ਾਰਦੇ। ਪੜ੍ਹਾਈ ਵੱਲ ਆਪ ਜੀ ਦਾ ਧਿਆਨ ਹੀ ਨਹੀਂ ਸੀ ਤੇ ਨਾ ਹੀ ਆਮ ਬੱਚਿਆਂ ਵਾਂਗ ਖੇਡਣ, ਹੱਸਣ-ਕੁੱਦਣ ਵੱਲ ਹੀ ਦਿਲ ਲਾਇਆ। ਲਗਨ ਨਾਲ ਕਾਰਜ ਕਰਦਿਆਂ ਬਾਬਾ ਜੀ ਥੋੜ੍ਹੇ ਹੀ ਚਿਰ ਵਿੱਚ ਰਾਜਗਿਰੀ ਦੇ ਮਾਹਰ ਬਣ ਗਏ। ਇੱਕ ਦਿਨ ਆਪ ਜੀ ਕਿਸੇ ਦੇ ਘਰ ਕੰਮ ਕਰ ਰਹੇ ਸਨ ਕਿ ਇੱਕ ਰੱਬ ਦੇ ਪਿਆਰੇ ਨੇ ਆ ਕੇ ਭਿੱਖਿਆ ਮੰਗੀ, ਤਾਂ ਆਪ ਜੀ ਨੇ ਉਸਦਾ ਕਾਸਾ ਦਾਣਿਆਂ ਨਾਲ ਭਰ ਦਿੱਤਾ। ਇਹ ਦੇਖ ਕੇ ਹੱਸ ਪਏ ਤੇ ਕਹਿਣ ਲੱਗੇ, "ਇਹ ਦਾਣੇ ਤੇਰੀ ਆਪਣੀ ਕਮਾਈ ਦੇ ਨਹੀਂ, ਤਾਂ ਹੀ ਐਨੇ ਦਾਨ ਕਰ ਦਿੱਤੇ ਹਨ, ਆਪਣੀ ਕਮਾਈ ਕਰਕੇ ਦਾਨ ਕਰ।' ਬੱਸ ਫਿਰ ਕੀ ਸੀ ? ਇਹ ਸ਼ਬਦ ਬਾਬਾ ਜੀ ਨੂੰ ਅਣੀਆਲੇ ਤੀਰ ਦੀ ਤਰ੍ਹਾਂ ਚੁਭ ਗਏ, ਤੇ ਉਸੇ ਦਿਨ ਤੋਂ ਫੈਸਲਾ ਕਰ ਲਿਆ ਕਿ "ਦੁਨਿਆਵੀ ਕਮਾਈ ਦੀ ਜਗ੍ਹਾਂ ਹੁਣ ਸੱਚੀ ਕਮਾਈ ਨਾਮ ਦੀ ਕਰਕੇ ਹੀ ਦਮ ਲੈਣਾ ਹੈ। ਝੂਠੀ ਕਮਾਈ ਇਕੱਠੀ ਕਰਕੇ ਦਾਨ ਨਹੀਂ ਦੇਣਾ। ਗੁਰੂ ਨਾਨਕ ਪਾਤਸ਼ਾਹ ਦੇ ਸੱਚੇ ਨਾਮ ਦਾ ਹੀ ਢੰਢੋਰਾ ਜੱਗ ਤੇ ਫੇਰਣਾ ਹੈ, ਇਸੇ ਪ੍ਰਣ ਨੂੰ ਲੈ ਕੇ ਆਪ ਜੀ ਨੇ ਗ੍ਰਿਸਤ ਜੀਵਨ ਨਹੀਂ ਅਪਣਾਇਆ ਅਤੇ ਸਾਰੀ ਉਮਰ ਬਾਲ ਬ੍ਰਹਮਚਾਰੀ ਰਹਿ ਕੇ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕੀਤਾ ਤੇ ਘਰ ਤਿਆਗ ਕੇ ਜੰਗਲਾਂ ਵਿੱਚ ਜਾ ਕੇ ਤਪੱਸਿਆ ਕਰਨੀ ਸ਼ੁਰੂ ਕਰ ਦਿੱਤੀ।

ਕਈ ਸਾਲ ਘੋਰ ਤਪੱਸਿਆ ਕਰਨ ਉਪਰੰਤ ਬਾਬਾ ਜੀ ਗੁਰਧਾਮਾਂ ਦੀ ਪਾਵਨ ਯਾਤਰਾ ਨੂੰ ਨਿਕਲ ਪਏ। ਪੰਜਾਬ ਦੇ ਦਰਜਨਾਂ ਹੀ ਇਤਿਹਾਸਕ ਗੁਰਦੁਆਰਿਆਂ, ਸੰਤ ਮਹਾਂਪੁਰਸ਼ਾਂ ਦੇ ਡੇਰਿਆਂ ਵਿੱਚ ਦੀ ਹੁੰਦੇ ਹੋਏ ਜਦੋਂ ਆਪ ਮਨ ਵਿੱਚ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਦਾ ਵੈਰਾਗ ਤੇ ਬਿਹਬਲਤਾ ਲਈ ਵਿਚਰ ਰਹੇ ਸਨ, ਤਾਂ ਆਪ ਜੀ ਦਾ ਮਿਲਾਪ ਸੰਤ ਜਵੰਦ ਸਿੰਘ ਜੀ ਰਾਜਾ ਸਾਂਸੀ ਵਾਲਿਆਂ ਨਾਲ ਹੋਇਆ ਤੇ ਉਨ੍ਹਾਂ ਨਾਲ ਆਪ ਫਿਰੋਜ਼ਪੁਰ ਛਾਉਣੀ ਦੇ ਗੁ: ਸਾਰਾਗੜ੍ਹੀ ਵਿਖੇ ਪਹੁੰਚ ਗਏ। ਇਥੇ ਸੰਤ ਜਵੰਦ ਸਿੰਘ ਜੀ ਨਾਲ ਮਿਲਕੇ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਦਰਸ਼ਨਾਂ ਦੀ ਤਾਂਘ ਨਾਲ ਸਿਮਰਨ ਸ਼ੁਰੂ ਕੀਤਾ। ਹਰ ਰੋਜ਼ ਪ੍ਰਸ਼ਾਦਾ ਤਿਆਰ ਕਰਕੇ ਗੁਰੂ ਸਾਹਿਬਾਂ ਨੂੰ ਭੋਗ ਲਵਾਉਂਦੇ। ਸਚੇ ਪਾਤਸ਼ਾਹ ਆਪ ਛਕੋ ਕੁੱਝ ਦਿਨ ਅਰਦਾਸਾਂ ਕਰਦਿਆਂ ਨੂੰ ਸਮਾਂ ਬੀਤਦਾ ਗਿਆ। ਓਨੇ ਦਿਨ ਬਾਬਾ ਜੀ ਤੇ ਸੰਤ ਜਵੰਦ ਸਿੰਘ ਜੀ ਨੇ ਵੀ ਕੁੱਝ ਨਹੀਂ ਛਕਿਆ ਓਨੇ ਦਿਨ ਭੁੱਖੇ ਰਹੇ, ਸੱਤਵੇਂ ਦਿਨ ਜਦੋਂ ਪ੍ਰਸ਼ਾਦਾ ਤਿਆਰ ਕਰਕੇ ਥਾਲ ਲਵਾਇਆ ਸ਼੍ਰੀ ਗੁਰੂ ਗਰੰਥ ਸਾਹਿਬ ਮਹਾਰਾਜ ਜੀ ਵਿੱਚੋਂ ਪ੍ਰਤੱਖ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪ੍ਰਗਟ ਹੋਏ ਬਾਬਾ ਜੀ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਪ੍ਰਸ਼ਾਦਾ ਛਕੋ ਗੁਰੂ ਸਾਹਿਬ 'ਨੇ ਪ੍ਰਸ਼ਾਦਾ ਛਕਿਆ॥ ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਪ੍ਰਤੱਖ ਦਰਸ਼ਨ ਦੇ ਕੇ ਨਿਹਾਲੋ ਨਿਹਾਲ ਕਰਦਿਆਂ ਅਪਾਰ ਬਖਸ਼ਸ਼ਾਂ ਕੀਤੀਆਂ। ਬਾਬਾ ਜੀ ਹਮੇਸ਼ਾ ਇਹੋ ਉਪਦੇਸ਼ ਦਿਆ ਕਰਦੇ ਸਨ ਕਿ "ਸਿਮਰਨ ਵਾਹਿਗੁਰੂ ਗੁਰੂ ਨਾਨਕ ਪਾਤਸ਼ਾਹ ਦੇ ਬਖਸ਼ੇ ਗੁਰ ਮੰਤਰ ਦਾ ਕਰਨਾ ਹੈ। "ਵਾਹਿਗੁਰੂ ਸ਼ਬਦ ਦਰਗਾਹੀ ਟਿਕਟ ਹੈ, ਜਿਸ ਦਾ ਅਜੱਪਾ-ਜਾਪ ਲੋਕ-ਪ੍ਰਲੋਕ ਦੇ ਸੁੱਖ ਪ੍ਰਦਾਨ ਕਰਦਾ ਹੈ। ਸ਼ਕਤੀ ਤੇ ਗਿਆਨ ਦਾ ਸੋਮਾ ਕੇਵਲ ਨਿਰੰਕਾਰ ਪਾਤਸ਼ਾਹ ਹੀ ਹਨ। ਹਰ ਗੁਰਸਿੱਖ ਦਾ ਫ਼ਰਜ਼ ਹੈ ਕਿ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਤੱਖ ਸਰੂਪ ਸਮਝ ਕੇ ਸ਼ਰਧਾ ਭਾਵਨਾ ਨਾਲ ਪੜ੍ਹੇ, ਸੁਣੇ ਅਤੇ ਵਿਚਾਰੇ ਅਤੇ ਸੇਵਾ ਕਰੇ। ਜਿਸ ਪ੍ਰਭੂ ਪਿਆਰੇ ਦੇ ਨਿਰਮਲ ਤੇ ਸ਼ੁੱਧ ਹਿਰਦੇ ਵਿੱਚ ਅੱਠੇ ਪਹਿਰ ਨਾਮ ਦਾ ਵਾਸਾ ਹੋਵੇ, ਉਸ ਦੇ ਹਿਰਦੇ ਵਿੱਚ ਇੱਕ ਦਿਨ ਨਾਮੀ (ਨਿਰੰਕਾਰ ਪਾਤਸ਼ਾਹ) ਦਾ ਵਾਸਾ ਵੀ ਜ਼ਰੂਰ ਹੋ ਜਾਂਦਾ ਹੈ। ਗੁਰੂ ਦੇ ਸਿੱਖ ਲਈ ਇੱਕ ਦਾ ਪੂਜਨ, ਇੱਕ ਦੀ ਬਾਣੀ, ਇੱਕ ਦਾ ਨਾਮ, ਗੁਰੂ ਵੱਲ ਮੂੰਹ ਅਤੇ ਦੁਨੀਆਂ ਵੱਲ ਪਿੱਠ ਹੋਣੀ ਚਾਹੀਦੀ ਹੈ। ਜਿੱਥੇ ਦੂਜਾ ਆ ਗਿਆ ਉੱਥੇ ਵਿਛੋੜਾ ਤੇ ਵਖਰੇਵਾਂ ਹੈ। ਇੱਕ ਦੀ ਯਾਦ, ਇੱਕ ਦਾ ਸਿਮਰਨ ਤੇ ਇੱਕ ਵੱਲ ਧਿਆਨ ਹੀ ਸਤਯੁਗੀ ਵਰਤਾਰਾ ਹੈ। ਦਵੈਤ ਤੇ ਦੂਈ ਅਸਲ ਕਲਯੁਗ ਹੈ। ਜੋ ਸਾਨੂੰ ਪ੍ਰਭੂ ਪਿਆਰੇ ਤੋਂ ਨਿਖੇੜਦੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਜਾਗਤ ਜੋਤ-ਪ੍ਰਤੱਖ ਗੁਰੂ, ਸ਼੍ਰੀ ਗੁਰੂ ਗਰੰਥ ਸਾਹਿਬ ਜੀ ਰਾਹੀਂ ਸਾਨੂੰ 'ਇੱਕ' ਨਾਲ ਜੁੜਨ ਦੀ ਪ੍ਰੇਰਨਾ ਕਰਦੇ ਹਨ। ਇੱਕ ਗੁਰੂ ਦਾ ਬਣ ਗਿਆ, ਉਸ ਨੂੰ ਫਿਰ ਕਿਸੇ ਹੋਰ ਦੀ ਜ਼ਰੂਰਤ ਨਹੀਂ ਰਹਿ ਜਾਂਦੀ। ਗੁਰਬਾਣੀ ਦਰਗਾਹ ਦੀ ਪੌੜੀ ਹੈ, ਜਿਸ ਰਾਹੀਂ ਅਸੀਂ ਸੱਚਖੰਡ ਪਹੁੰਚ ਕੇ ਨਿਰੰਕਾਰ ਪਾਤਸ਼ਾਹ ਨਾਲ ਅਭੇਦ ਹੋਣਾ ਹੈ।"

ਜਿਸ ਉੱਪਰ ਗੁਰੂ ਨਾਨਕ ਪਾਤਸ਼ਾਹ ਦੀ ਮਿਹਰ ਹੋ ਜਾਵੇ, ਉਸਦਾ ਲੋਕ-ਪ੍ਰਲੋਕ ਹੀ ਸੁਧਰ ਜਾਂਦਾ ਹੈ। ਪਰ ਇਹ ਮਿਹਰ ਸੇਵਾ ਸਿਮਰਨ ਵਿੱਚ ਲੱਗਿਆਂ 'ਗੁਰਪ੍ਰਸਾਦਿ' ਨਾਲ ਹੀ ਬਖਸ਼ਿਸ਼ ਹੁੰਦੀ ਹੈ। 'ਗੁਰਪ੍ਰਸਾਦਿ' ਹਾਸਲ ਕਰਨ ਲਈ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਜ਼ਰੂਰੀ ਹੈ। ਜੇ ਸਿਰ ਦੇ ਕੇ ਵੀ ਸਿੱਖੀ ਦੀ ਦਾਤ ਹਾਸਲ ਹੋ ਜਾਵੇ ਤਾਂ ਸਸਤੀ ਜਾਣੋ। ਕਿਉਂਕਿ ਜਪ, ਤਪ, ਪੂਜਾ, ਨੇਮ, ਵਰਤ ਤੇ ਹੋਰ ਕਰਮ ਕਾਂਡਾਂ ਨੇ ਕੁਝ ਨਹੀਂ ਸੰਵਾਰਨਾ। "ਗੁਰੂ ਦੇ ਸਿੱਖ ਦਾ ਫ਼ਰਜ਼ ਹੈ ਕਿ ਉਹ ਅੰਮ੍ਰਿਤਧਾਰੀ ਤੇ ਪੰਜ ਕਕਾਰੀ ਬਣੇ। ਅੰਮ੍ਰਿਤ ਛਕ ਕੇ ਹੀ ਅਸੀਂ ਗੁਰੂ ਵਾਲੇ ਬਣ ਸਕਦੇ ਹਾਂ ਨਹੀਂ ਤਾਂ,

***"ਬੇਸੁਵਾ ਪੁਤੁ ਨਿਨਾਉ"***

ਭਾਵ ਸਾਡੀ ਹਾਲਤ ਬੇਸਵਾ ਦੇ ਪੁੱਤਰ ਵਰਗੀ ਹੋਵੇਗੀ ਜੋ ਇਹ ਨਹੀਂ ਦੱਸ ਸਕਦਾ ਕਿ ਉਸਦਾ ਬਾਪ ਕਿਹੜਾ ਹੈ। ਜੋ ਗੁਰਸਿੱਖ ਅੰਮ੍ਰਿਤ ਛਕ ਕੇ ਨਾਮ ਦੀ ਕਮਾਈ ਕਰਦਾ ਹੈ, ਉਹ ਹਮੇਸ਼ਾ ਸੁਖੀ ਰਹਿੰਦਾ ਹੈ, ਉਹ ਜਨਮ ਮਰਨ ਦੇ ਗੇੜ

ਵਿੱਚ ਨਹੀਂ ਪੈਂਦਾ ਤੇ ਨਾ ਹੀ ਜਮਾਂ ਦੇ ਪੰਧ ਉੱਪਰ ਜਾਂਦਾ ਹੈ। ਅੰਮ੍ਰਿਤ ਤਾਂ ਆਬਿ-ਹਯਾਤ ਹੈ ਜੋ ਵੀ ਪੀਂਦਾ ਹੈ ਅਮਰ ਹੋ ਜਾਂਦਾ ਹੈ। ਜਿਸ ਅੰਮ੍ਰਿਤ ਨੂੰ ਦੇਵਤੇ ਤਰਸਦੇ ਹਨ ਉਹ ਦਸਮ ਪਿਤਾ ਜੀ ਨੇ ਸਾਨੂੰ ਬਖਸ਼ਿਆ ਹੈ। ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਪਿਤਾ ਹਨ, ਸਾਹਿਬ ਕੌਰ ਜੀ ਸਾਡੇ ਮਾਤਾ ਹਨ, ਅਸੀਂ ਅਨੰਦਪੁਰ ਦੇ ਵਾਸੀ ਹਾਂ। ਅੰਮ੍ਰਿਤ ਛਕ ਕੇ ਅਸੀਂ ਗੁਰੂ ਹੁਕਮ ਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨਾ ਹੈ। ਪਰ ਇਸ ਅੰਮ੍ਰਿਤ ਦੀ ਸਾਰ ਓਹੀ ਜਾਣ ਸਕਦਾ ਹੈ, ਜਿਸਨੂੰ ਗੁਰੂ ਕ੍ਰਿਪਾ ਸਦਕਾ ਸਤਿਸੰਗਤ ਵਿੱਚੋਂ ਸੋਝੀ ਹੋ ਜਾਵੇ ਤੇ ਪਿਆਸ ਲੱਗੀ ਹੋਵੇ। ਗੁਰਸਿੱਖ ਬਣਨਾ ਤਾਂ ਅਲੂਣੀ ਸਿੱਲ ਚੱਟਣ ਦੇ ਤੁੱਲ ਹੈ, ਕੋਈ ਵਿਰਲਾ ਹੀ ਇਸ ਰਸਤੇ ਤੁਰਦਾ ਹੈ। ਮਹਾਂਪੁਰਸ਼ਾਂ ਪਾਸ ਤਾਂ ਨਾਮ ਬਾਣੀ ਦਾ ਚਸ਼ਮਾ ਅਖੁੱਟ ਤੇ ਅਤੁੱਟ ਵਗਦਾ ਹੈ, ਭਾਗਾਂ ਵਾਲੇ ਹੀ ਇਸਦਾ ਆਨੰਦ ਮਾਣਦੇ ਹਨ, ਲਾਹਾ ਖੱਟਦੇ ਹਨ। ਸਿੱਖ ਸਿਧਾਂਤ ਅੰਦਰ ਨਾਮ ਦੇਣ ਦੀ ਕੋਈ ਗੁਪਤ ਮਰਯਾਦਾ ਨਹੀਂ, ਇਹ ਤਾਂ ਸਰਬ ਸਾਂਝੀ ਤੇ ਪ੍ਰਤੱਖ ਰੂਪ ਵਿੱਚ ਪ੍ਰਗਟ ਹੈ। ਕੋਈ ਵੀ ਪ੍ਰਾਣੀ ਅੰਮ੍ਰਿਤ ਪਾਨ ਕਰਕੇ ਪੰਜ ਪਿਆਰਿਆਂ ਪਾਸੋਂ ਨਾਮ ਰੂਪੀ ਗੁਰਮੰਤਰ ਹਾਸਲ ਕਰ ਸਕਦਾ ਹੈ। ਕੋਈ ਇੱਕ ਵਿਅਕਤੀ ਗੁਰਮੰਤਰ ਦੇਣ ਦਾ ਅਧਿਕਾਰੀ ਨਹੀਂ ਹੈ। ਗੁਰੂ ਦੇ ਸਿੱਖ ਨੂੰ ਚਾਹੀਦਾ ਹੈ ਕਿ ਉਹ ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਆਦਿ ਨੂੰ ਪੂਰੀ ਤਰ੍ਹਾਂ ਤਿਆਗ ਕਰਕੇ, ਝੂਠ ਬੋਲਣ ਤੇ ਹਰਾਮ ਦੀ ਕਮਾਈ ਨੂੰ ਛੱਡ ਕੇ ਸੱਚ ਦਾ ਪੱਲਾ ਫੜੇ, ਨਿਮਰਤਾ ਧਾਰਨ ਕਰੇ।" ਕਲਯੁਗ ਵਿੱਚ ਤਾਂ ਰਾਜ ਗੁਰੂ ਨਾਨਕ ਦਾ ਹੈ ਤੇ ਗੁਰੂ ਨਾਨਕ ਦੀ ਜੋਤ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਹਨ ਇਸ ਦੇ ਲੜ ਲੱਗਿਆਂ ਹੀ ਜੀਵਨ ਸਫਲ ਹੋਣਾ ਹੈ ਅੰਮ੍ਰਿਤ ਤੋਂ ਬਿਨਾਂ ਸਿੱਖ ਦਾ ਜੀਵਨ ਅਧੂਰਾ ਹੈ। "ਹਰ ਸਿੱਖ ਪ੍ਰਵਾਰ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣੇ, ਰਹਿਤ ਮਰਯਾਦਾ ਦਾ ਧਾਰਨੀ ਹੋਵੇ, ਫਿਰ ਹੀ ਉਹ ਲੋਕ ਸੁਖੀਏ, ਪ੍ਰਲੋਕ ਸੁਹੇਲੇ ਬਣ ਸਕਦਾ ਹੈ। ਨਿਗੁਰੇ ਦਾ ਤਾਂ ਨਾਮ ਹੀ ਬੁਰਾ ਹੈ। ਨਾਮ ਜਪਣਾ, ਸੱਚੀ ਕਿਰਤ ਕਰਨੀ, ਵੰਡ ਛਕਣਾ, ਦਸਵੰਧ ਕਿਰਤ ਦੇ ਧਨ ਦਾ ਦਾਨ ਲਈ ਅਤੇ ਦਸਵੰਧ ਸਮੇਂ ਦਾ ਕੱਢਣਾ, ਸਿਮਰਨ ਲਈ, ਗੁਰਸਿੱਖ ਵਾਸਤੇ ਜ਼ਰੂਰੀ ਹੈ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਗੁਰੂ ਨਾਲ ਜੁੜਨਾ, ਗੁਰੂ ਅੱਗੇ ਆਪਾ ਅਰਪਣ ਕਰਨਾ, ਗੁਰਬਾਣੀ ਪੜ੍ਹਨੀ, ਕੀਰਤਨ ਸ਼ਰਧਾ ਨਾਲ ਸੁਣਨਾ ਹੀ ਸਿੱਖੀ ਸਿਧਾਂਤ ਦਾ ਕੇਂਦਰੀ ਧੁਰਾ ਹਨ। ਮਹਾਂਪੁਰਸ਼ਾਂ ਦੀ ਸੰਗਤ ਤਾਂ ਕਸਤੂਰੀ ਵਰਗੇ ਅਪਾਰ ਆਨੰਦ ਦੀ ਖੁਸ਼ਬੋ ਹੈ, ਜਿਸ ਦਾ ਲਾਭ ਗੁਰੂ ਬਾਣੀ ਉੱਪਰ ਅਤੁੱਟ ਸ਼ਰਧਾ ਰੱਖਣ ਵਾਲੇ ਧਰਮੀ ਪੁਰਖ ਹੀ ਹਾਸਲ ਕਰ ਸਕਦੇ ਹਨ। ਅਧੂਰੇ, ਭੇਖੀ, ਮਤਲਬੀ ਸੰਤਾਂ ਤੋਂ ਜਗਿਆਸੂ ਨੂੰ ਬਚਣਾ ਅਤਿ ਜ਼ਰੂਰੀ ਹੈ। ਜੋ ਮਹਾਂਪੁਰਸ਼ ਗੁਰੂ ਨਾਲ ਆਪ ਜੁੜਿਆ ਹੋਇਆ ਹੈ, ਉਹ ਹੀ ਦੂਸਰਿਆਂ ਨੂੰ ਪ੍ਰਭੂ ਨਾਲ ਜੋੜ ਸਕਦਾ ਹੈ, ਇਸ ਲਈ ਪੂਰਨ ਸੰਤਾਂ ਦੀ ਸੰਗਤ ਕਰੋ, ਗੁਰਬਾਣੀ ਦਾ ਪੱਲਾ ਕਦੇ ਨਾ ਛੱਡੋ।"

ਬਾਬਾ ਜੀ ਦੀ ਮਹਿਮਾ ਹੁਣ ਦਿਨੋ ਦਿਨ ਚੰਦਨ ਦੀ ਖੁਸ਼ਬੋ ਵਾਂਗ ਫੈਲਣ ਲੱਗੀ। ਪਰ ਆਪ ਲੋਕ ਮਹਿਮਾ ਤੋਂ ਉੱਪਰ ਉੱਠ ਕੇ ਇਕਾਂਤ ਵਿਚਰਦਿਆਂ ਨਾਮ ਸਿਮਰਨ ਵਿੱਚ ਮਸਤ ਰਹਿਣਾ ਚਾਹੁੰਦੇ ਸਨ। ਬਾਬਾ ਜੀ ਉੱਪਰ ਬ੍ਰਹਮ-ਗਿਆਨ ਦੀ ਰੂੜ ਅਵਸਥਾ ਦੀ ਰੰਗਤ ਦਿਨੋ ਦਿਨ ਸਵਾਈ ਹੁੰਦੀ ਜਾ ਰਹੀ ਸੀ, ਸੋ ਜਗਿਆਸੂ ਭੌਰਿਆਂ ਨੂੰ ਪਪੀਹੇ ਵਤ ਤਰਸਦਿਆਂ ਛੱਡ ਕੇ ਚੁੱਪ ਚੁਪੀਤੇ ਮਾਝੇ ਦੇ ਬਾਰਦੇ ਇਲਾਕੇ ਵਿੱਚ ਦੀ ਹੁੰਦੇ ਹੋਏ ਜਾ ਅੰਮ੍ਰਿਤਸਰ ਸੰਤ ਅਰਜਨ ਦਾਸ ਜੀ ਉਦਾਸੀ ਪਾਸ ਡੇਰੇ ਲਾਏ। ਇੱਥੇ ਕੁਝ ਦਿਨ ਠਹਿਰਣ ਉਪਰੰਤ ਆਪ ਸਿੱਧੇ ਸ਼੍ਰੀ ਹਜ਼ੂਰ ਸਾਹਿਬ ਜਾ ਪਹੁੰਚੇ, ਜਿੱਥੇ ਇੱਕ ਸਾਲ ਇਨ੍ਹਾਂ ਨੇ ਗਾਗਰ ਵਿੱਚ ਜਲ ਲੈ ਕੇ ਆਉਣ ਦੀ ਸੇਵਾ ਪ੍ਰੇਮ ਅਤੇ ਸ਼ਰਧਾ ਨਾਲ ਨਿਭਾਈ ਬਾਕੀ ਸਮਾਂ ਸੇਵਾ ਸਿਮਰਨ ਅਤੇ ਭਗਤੀ ਵਿੱਚ ਲੀਨ ਰਹਿੰਦੇ।

ਇਕ ਦਿਨ ਆਪ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਨਿਰੰਕਾਰ ਪਾਤਸ਼ਾਹ ਵੱਲੋਂ ਆਕਾਸ਼ਬਾਣੀ ਹੋਈ ਕਿ "ਪੰਜਾਬ ਵਿੱਚ ਜਾ ਕੇ ਵਿੱਦਿਆ ਹਾਸਲ ਕਰੋ ਤੇ ਜਗਤ ਜਲੰਦੇ ਨੂੰ ਗੁਰੂ ਨਾਨਕ ਦਾ ਸਰਬ ਸੁੱਖ ਤੇ ਸ਼ਾਂਤੀ ਵਾਲਾ ਨਾਮ, ਸੇਵਾ ਤੇ ਸਿਮਰਨ ਦਾ ਸੰਦੇਸ਼ ਦਿਓ।" ਬਾਬਾ ਜੀ ਨੇ ਹੁਕਮ ਨੂੰ ਸਿਰ ਮੱਥੇ ਮੰਨਦਿਆਂ, ਉਸੀ ਸਮੇਂ ਪੰਜਾਬ ਵੱਲ ਚਾਲੇ ਪਾ ਦਿੱਤੇ ਤੇ ਲਹਿਰੇ ਆ ਕੇ ਬਾਬਾ ਜੀ ਨੇ ਬਾਬਾ ਵਧਾਵਾ ਸਿੰਘ ਜੀ ਪਾਸੋਂ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ ਤੇ ਪੜ੍ਹਾਈ ਦੇ ਨਾਲ ਨਾਲ ਘੋਰ ਤਪੱਸਿਆ ਵੀ ਜਾਰੀ ਰੱਖੀ। **"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥"** (941) ਅਨੁਸਾਰ ਅੱਠੋ ਪਹਿਰ ਨਾਮ ਬਾਣੀ ਵਿੱਚ ਮਸਤ ਰਹਿੰਦੇ ਸਨ। ਕਈ ਮਹੀਨੇ ਇੱਥੇ ਰਹਿਣ ਉਪਰੰਤ ਆਪ ਜੀ ਦੀ ਅਤੀ ਵੈਰਾਗਮਈ ਅਵਸਥਾ ਅਤੇ ਪੂਰਬਲੇ ਕਰਮਾਂ ਦੀ 'ਕਮਾਈ ਦਾ ਅੰਕੁਰ ਪ੍ਰਗਟ ਹੋਣਾ' ਤੱਕ ਕੇ ਬਾਬਾ ਵਧਾਵਾ ਸਿੰਘ ਜੀ ਨੇ ਬਾਬਾ ਜੀ ਨੂੰ ਨਾਲ ਲੈ ਕੇ ਬਾਬਾ ਮਹਾਂ ਹਰਨਾਮ ਸਿੰਘ ਜੀ ਭੁੱਚੋ ਵਾਲਿਆਂ ਪਾਸ ਪਹੁੰਚਣਾ ਕੀਤਾ। ਇੱਥੇ ਆਪ ਜੀ ਨੇ ਨਿਰੰਤਰ 12 ਸਾਲ ਸੇਵਾ ਤੇ ਸਿਮਰਨ ਦੀ ਅਤੀ ਕਠਿਨ ਘਾਲਣਾ ਘਾਲੀ। ਆਲਸ ਤੇ ਸੁਸਤੀ ਦਾ ਪ੍ਰੀਪਰਨ ਤਿਆਗ ਕਰਕੇ ਹਰ ਸਮੇਂ ਸੇਵਾ ਵਿੱਚ ਤਤਪਰ ਰਹੇ। ਬਾਬਾ ਜੀ ਭੁੱਚੋ ਵਾਲਿਆਂ ਨੇ ਇਨ੍ਹਾਂ ਦਿਨਾਂ ਵਿੱਚ ਬਾਬਾ ਜੀ ਦੀ ਕਈ ਵਾਰ ਪ੍ਰੀਖਿਆ ਲਈ ਤੇ ਹਰ ਵਾਰ ਆਪ ਕਸਵੱਟੀ ਉੱਤੇ ਖਰੇ ਹੀ ਉਤਰਦੇ ਰਹੇ। ਅਖੀਰ ਆਪ ਜੀ ਦੀ ਘਾਲ ਕਮਾਈ ਉੱਪਰ ਖੁਸ਼ ਹੁੰਦਿਆਂ ਗੁਰਮੰਤਰ ਬਖਸ਼ਿਆ ਤੇ ਕਿਹਾ ਕਿ "ਇਸਦੀ ਹੋਰ ਜ਼ੋਰ ਨਾਲ ਕਮਾਈ ਕਰੋ।" ਕੁੱਝ ਸਮੇਂ ਬਾਅਦ ਫਿਰ ਬਾਬਾ ਨੰਦ ਸਿੰਘ ਜੀ ਨੇ ਬਾਬਾ ਮਹਾਂ ਹਰਨਾਮ ਸਿੰਘ ਪਾਸੋਂ ਨਿਮਰਤਾ ਸਹਿਤ ਬੇਨਤੀ ਕਰਕੇ ਬਹੁਤ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ।

ਇਹਨਾਂ ਦਿਨਾਂ ਵਿੱਚ ਬਾਬਾ ਜੀ ਨੇ ਉਹਨਾਂ ਪਾਸੋਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸੰਪਟ ਪਾਠ ਕਰਨ ਦੀ ਜੁਗਤੀ ਵੀ ਹਾਸਲ ਕੀਤੀ। ਏਸੇ ਕਾਰਨ ਹੜੱਪੇ ਦੇ ਜੰਗਲ 'ਚ ਆ ਕੇ ਬਾਬਾ ਜੀ ਨੇ ਇੱਕ ਸੰਪਟ ਪਾਠ ਨਿਰੰਤਰ ਇੱਕ ਵਰ੍ਹੇ ਵਿੱਚ ਸੰਪੂਰਨ ਕੀਤਾ। ਇਹ ਸੰਪਟ ਪਾਠ ਹਰ ਰੋਜ਼ ਬਾਬਾ ਮਹਾਂ ਹਰਨਾਮ ਸਿੰਘ ਜੀ ਉਹਨਾਂ ਪਾਸੋਂ ਸੁਣਿਆ ਕਰਦੇ ਸਨ। ਇਸੇ ਤਰ੍ਹਾਂ ਬਾਬਾ ਜੀ ਨੇ ਬਾਬਾ ਜੀ ਪਾਸੋਂ ਬਹੁਤ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਅੱਗੇ ਸੰਗਤਾਂ ਨੂੰ ਬਖਸ਼ਿਸ਼ਾਂ ਵੰਡਣ ਦਾ ਉਪਰਾਲਾ ਕੀਤਾ।

ਬਾਬਾ ਜੀ ਨੇ ਇੱਥੇ ਰਹਿੰਦਿਆਂ ਸੰਗਤਾਂ ਵਿੱਚ ਕਾਫੀ ਹਰਮਨ ਪਿਆਰਤਾ ਹਾਸਲ ਕਰ ਲਈ ਸੀ, ਸੰਗਤਾਂ ਆਪ ਜੀ ਦਾ ਤਨੋਂ ਮਨੋਂ ਬਹੁਤ ਆਦਰ ਤੇ ਸਤਿਕਾਰ ਕਰਦੀਆਂ ਸਨ, ਪਰ ਆਪ ਜੀ ਤਾਂ ਤਿਆਗ ਦੀ ਮੂਰਤ ਤੇ ਦੁਨਿਆਵੀ ਮਾਣ ਵਡਿਆਈ ਤੋਂ ਬਹੁਤ ਉੱਪਰ ਉੱਠ ਚੁੱਕੇ ਸਨ। ਜਿਸ ਕਾਰਨ ਬਾਬਾ ਜੀ ਤੋਂ ਆਗਿਆ ਲੈ ਕੇ ਇੱਥੋਂ ਤੁਰ ਪਏ ਤੇ ਪਾਕਿਸਤਾਨ ਦੇ ਹੜੱਪੇ ਦੇ ਜੰਗਲ ਵਿੱਚ ਜਾ ਡੇਰੇ ਲਾਏ। ਕਠਿਨ ਤਪੱਸਿਆ ਕਈ ਮਹੀਨੇ ਕਰਨ ਉਪਰੰਤ ਇੱਕ ਸਾਲ ਵਿੱਚ ਇੱਥੇ ਆਪ ਜੀ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸੰਪਟ ਪਾਠ ਸੰਪੂਰਨ ਕੀਤਾ। ਇਨ੍ਹੀਂ ਦਿਨੀਂ ਬਾਬਾ ਜੀ ਦੇ ਮਾਮੂਲੀ ਸਾਦੇ ਬਸਤਰ ਤੇ ਪਾਸ ਸਿਰਫ਼ ਕਛਿਹਰਾ, ਚਾਦਰ, ਕੰਬਲੀ, ਗੜਬਾ, ਰੱਸੀ ਤੇ ਬੈਰਾਗਨ ਸੀ। ਅਹਾਰ ਸਾਦਾ ਜੋ ਮਿਲ ਜਾਵੇ, ਤੇ ਕਈ ਵੇਰਾਂ ਤਾਂ ਜੰਗਲ ਦੇ ਪੱਤੇ ਆਦਿ ਖਾ ਕੇ ਹੀ ਗੁਜ਼ਾਰਾ ਕਰਦੇ ਰਹੇ ਅਤੇ ਕਈ ਕਈ ਦਿਨ ਭੁੱਖੇ ਪਿਆਸੇ ਹੀ ਰਹਿੰਦੇ। ਜੇ ਕੋਈ ਸਿੱਖ ਸੇਵਕ ਆ ਕੇ ਪ੍ਰਸ਼ਾਦਾ ਛਕਾ ਜਾਂਦਾ ਤਾਂ ਛਕ ਲੈਂਦੇ ਪਰ ਮੰਗਣ ਕਦੇ ਨਹੀਂ ਸਨ ਜਾਂਦੇ। ਇਸ ਇਲਾਕੇ ਵਿੱਚ ਕਈ ਵਰ੍ਹੇ ਬਾਗਾਂ ਵਾਲਾ, ਟੋਬਾ ਟੇਕ ਸਿੰਘ, ਮੱਦੋਕੀ, ਝੰਗ ਮਘਿਆਣਾ, ਪੱਤੋਕੀ, ਚੂਨੀਆਂ, ਮਿੰਟਗੁਮਰੀ ਤੇ ਬਾਰ ਦਾ ਇਲਾਕਾ, ਛਾਂਗਾ ਮਾਂਗਾ, ਜ਼ਖੀਰਾ, ਭਿੜਕੀ ਤੇ ਦੀਪਾਲਪੁਰ ਆਦਿ ਇਲਾਕਿਆਂ ਵਿੱਚ ਬਾਬਾ ਜੀ ਨੇ ਭਾਰੀ ਤਪੱਸਿਆ ਕੀਤੀ। ਬਾਬਾ ਜੀ ਹਮੇਸ਼ਾ ਪਿੰਡਾਂ ਤੋਂ ਦੂਰ ਇਕਾਂਤ ਵਿੱਚ ਹੀ ਨਿਵਾਸ ਕਰਦੇ ਸਨ। ਜੇ ਕੋਈ ਸੰਤ ਸੱਜਣ ਮਿਲ ਜਾਂਦਾ ਤਾਂ ਉਸ ਨਾਲ ਗੁਰਮਤਿ ਦੀ ਹੀ ਵਿਚਾਰ ਕਰਦੇ। ਦੁਨਿਆਵੀ ਪਦਾਰਥਾਂ ਦੀ ਕਦੇ ਮੰਗ ਨਾ ਕਰਦੇ। ਇਨ੍ਹਾਂ ਦਿਨਾਂ ਵਿੱਚ ਤਪੱਸਿਆ ਕਰਦਿਆਂ ਆਪ ਜੀ ਦਾ ਸਰੀਰ ਵੀ ਬਹੁਤ ਦੁਰਬਲ ਹੋ ਚੁੱਕਿਆ ਸੀ, ਪਰ ਫੇਰ ਵੀ ਆਪ ਨੇ ਭਗਤੀ ਦਾ ਪੱਲਾ ਨਾ ਛੱਡਿਆ ਇੱਥੋਂ ਤੱਕ ਕਿ ਆਪਣੇ ਪਾਸ ਆਉਣ ਵਾਲਿਆਂ ਨੂੰ ਵੀ ਗੁਰਬਾਣੀ ਦੇ ਲੜ ਲੱਗਣ ਦਾ ਉਪਦੇਸ਼ ਕਰਦੇ।

ਬਾਬਾ ਜੀ ਕਿਹਾ ਕਰਦੇ ਸਨ ਕਿ "ਨਾਮ ਬੀਜ ਹੈ। ਕਰਮ ਅਤੇ ਧਰਮ ਇਸ ਦੀ ਦਾਤ ਹਨ। ਜਿੱਥੇ ਪ੍ਰਭੂ ਦਾ ਨਾਮ ਹੈ, ਉੱਥੇ ਹੀ ਪ੍ਰਭੂ ਦਾ ਵਾਸ ਹੈ। ਜਿਵੇਂ ਜਿੱਥੇ ਬ੍ਰਿਛ ਹੈ, ਛਾਂ ਜ਼ਰੂਰ ਹੋਵੇਗੀ। ਸਾਰਾ ਸੰਸਾਰ ਨਾਮ ਤੋਂ ਬਗੈਰ ਦੁਖੀ ਹੈ। ਸੁੱਖ ਪਦਾਰਥਾਂ, ਮਾਣ ਵਡਿਆਈਆਂ ਤੇ ਚਤੁਰਾਈਆਂ ਵਿੱਚ ਨਹੀਂ, ਨਿਰਮਾਣਤਾ, ਸੇਵਾ ਤੇ ਸਿਮਰਨ ਵਿੱਚ ਹੈ। ਨਾਮ ਲੋਕ ਪ੍ਰਲੋਕ ਦੇ ਸੁੱਖਾਂ ਦਾ ਜ਼ਾਮਨ ਹੈ, ਜਿਸ ਦੇ ਜਪਿਆਂ ਵੈਰੀ ਵੀ ਆਪਣੇ ਬਣ ਜਾਂਦੇ ਹਨ। ਜਮਦੂਤ ਨੇੜੇ ਨਹੀਂ ਢੁਕਦੇ। ਵਿਗੜੇ ਕੰਮ ਰਾਸ ਆ ਜਾਂਦੇ ਹਨ। ਜੋ ਨਾਮ ਜਪਦਾ ਹੈ ਉਸ ਨੂੰ ਫਿਰ ਕਿਸੇ ਹੋਰ ਕਰਮ ਕਾਂਡ ਤੇ ਪੂਜਾ ਦੀ ਜ਼ਰੂਰਤ ਨਹੀਂ। ਕਦੇ ਕੱਲਰਾਂ ਵਿੱਚ ਬੀਜ ਨਹੀਂ ਬੀਜਿਆ ਜਾਂਦਾ, ਉਹ ਤਾਂ ਉੱਥੇ ਹੀ ਬੀਜੋ, ਜਿੱਥੇ ਇੱਕ ਬੀਜ ਤੋਂ ਸੈਂਕੜੇ ਬੀਜ ਹੋਣ ਦੀ ਆਸ ਹੋਵੇ। ਇਸ ਤਰ੍ਹਾਂ ਨਾਮ, ਸ਼ੁੱਧ ਹਿਰਦੇ, ਪਵਿੱਤਰ ਅਤੇ ਨਿਸ਼ਕਾਮ-ਨਿਰਸੁਆਰਥ ਭਾਵਨਾ ਬਾਰੇ ਅੰਤਰ ਹੀ ਵਾਸਾ ਕਰਦਾ ਹੈ। ਕ੍ਰੋਧ-ਹੰਕਾਰ ਤੇ ਲੋਭ ਆਦਿ ਦੇ ਹੁੰਦਿਆਂ ਅਸੀਂ ਕਦੇ ਵੀ ਨਾਮ ਤੇ ਨਾਮੀ ਦੀ ਪ੍ਰਾਪਤੀ ਨਹੀਂ ਕਰ ਸਕਦੇ।" ਫਿਰ ਆਪ ਜੀ ਹੋਤੀ ਮਰਦਾਨ ਸੰਤ ਬਾਬਾ ਕਰਮ ਸਿੰਘ ਜੀ ਪਾਸ ਪਹੁੰਚੇ। ਕਈ ਦਿਨ ਸਤਿਸੰਗ ਤੇ ਗਿਆਨ ਗੋਸ਼ਟੀਆਂ ਹੁੰਦੀਆਂ ਰਹੀਆਂ ਤੇ ਫਿਰ ਲਾਇਲਪੁਰ ਜਾ ਕੇ ਨਾਮ ਭਗਤੀ ਦਾ ਪ੍ਰਵਾਹ ਚਲਾਇਆ ਫਿਰ ਕੁਝ ਸਮੇਂ ਲਈ ਆਪ ਜੀ ਨੇ ਬਾਬਾ ਖੁਦਾ ਸਿੰਘ ਜੀ, ਸੰਤ ਜਵਾਲਾ ਸਿੰਘ ਜੀ, ਹਰਖੋਵਾਲ, ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਮਿਲੇ, ਉਹਨਾਂ ਨਾਲ ਕਈ ਕਈ ਦਿਨ ਗੁਰਮੱਤ ਦੀਆਂ ਖੁੱਲ੍ਹੀਆਂ ਵਿਚਾਰਾਂ ਕੀਤੀਆਂ। ਕੁਝ ਸਮਾਂ ਉੱਥੇ ਠਹਿਰਨ ਤੋਂ ਬਾਅਦ ਫਿਰ ਆਪ ਭੁੱਚੋ ਬਾਬਾ ਮਹਾਂ ਹਰਨਾਮ ਸਿੰਘ ਜੀ ਦੇ ਚਰਨਾਂ ਵਿੱਚ ਜਾ ਪਹੁੰਚੇ। ਬਾਬਾ ਜੀ ਦਾ ਹੁਕਮ ਪਾ ਕੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸੰਪਟ ਪਾਠ ਕੀਤਾ, ਜੋ ਇੱਕ ਸਾਲ ਵਿੱਚ ਪੂਰਾ ਹੋਇਆ। ਇਸ ਸਮੇਂ ਦੌਰਾਨ ਵੀ ਆਪ ਜੀ ਨੇ ਨਾਮ-ਸਿਮਰਨ, ਸੇਵਾ-ਭਾਵ ਤੇ ਨਿਤਨੇਮ ਨਿਭਾਉਣ ਦੀ ਪ੍ਰਵਿਰਤੀ ਜਾਰੀ ਰੱਖੀ। ਕਈ ਸਾਲ ਆਪ ਜੀ ਨੇ ਇੱਥੇ ਭੁੱਚੋ ਵਾਲੇ ਬਾਬਾ ਜੀ ਦੇ ਚਰਨਾਂ ਵਿੱਚ ਰਹਿਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਤੇ ਮਿਹਰਾਂ ਹਾਸਲ ਕੀਤੀਆਂ। ਇਸ ਸਮੇਂ ਆਪ ਜੀ ਨੇ ਸੇਵਕ ਬਣਕੇ ਸਿੱਧ ਕਰ ਦਿਖਾਇਆ ਕਿ ਮਾਣ-ਹੰਕਾਰ ਤੋਂ ਰਹਿਤ ਨਿਸ਼ਕਾਮ ਤੇ ਨਿਰਮਾਣ ਸੇਵਕ ਬਣ ਕੇ ਹੀ ਗੁਰੂ ਨਾਨਕ ਦੇ ਘਰ ਤੋਂ ਬਖਸ਼ਸ਼ ਹਾਸਲ ਕੀਤੀ ਜਾ ਸਕਦੀ ਹੈ। ਆਪ ਕਿਹਾ ਕਰਦੇ ਸਨ ਕਿ "ਸਿੱਖ ਦਾ ਕੰਮ ਤਾਂ ਸੇਵਾ ਤੇ ਸਿਮਰਨ ਹੈ। ਅਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਇੰਝ ਖੁਸ਼ ਕਰਨਾ ਹੈ, ਜਿਵੇਂ ਸੁਹਾਗਣ ਆਪਣੇ ਪਤੀ ਨੂੰ ਖੁਸ਼ ਕਰਦੀ ਹੈ। ਅਸੀਂ ਭਾਵੇਂ ਮੰਦੇ ਹਾਂ ਜਾਂ ਚੰਗੇ, ਬੱਸ ਗੁਰੂ ਨਾਨਕ ਦੇ ਚਰਨਾਂ ਨਾਲ ਪ੍ਰੀਤੀ ਕਰਦਿਆਂ, ਸ਼੍ਰੀ ਗੁਰੂ ਗਰੰਥ ਸਾਹਿਬ ਨੂੰ ਹਾਜ਼ਰ ਗੁਰੂ ਜਾਣਦਿਆਂ, ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰੀਏ। ਸਤਿਸੰਗਤ ਵਿੱਚ ਆਉਣ ਦਾ ਤਦ ਹੀ ਲਾਭ ਹੈ ਜਦ ਅਸੀਂ ਸਤਿਸੰਗਤ ਵਿੱਚ ਵਿਚਾਰੀਆਂ ਗੱਲਾਂ ਉੱਪਰ ਅਮਲ ਕਰੀਏ। ਇੱਕ ਘੜੀ ਦੀ ਸਤਿਸੰਗਤ ਇੱਕ

ਸੌ ਸਾਲ ਦੀ ਭਗਤੀ ਨਾਲੋਂ ਭੀ ਉੱਤਮ ਹੈ। ਅਸਲ ਵਿੱਚ ਸਤਿਸੰਗਤ ਉਹੀ ਹੈ ਜਿਹੜੀ ਗੁਰਸਿੱਖ ਨੂੰ ਸਾਹਿਬ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨਾਲ ਜੋੜੇ, ਜਿਹੜਾ ਆਪਣੇ ਨਾਲ ਜੋੜਦਾ ਹੈ, ਉਸ ਨੂੰ ਕਦੇ ਮੂੰਹ ਨਾ ਲਾਓ। ਸਤਿਸੰਗਤ ਵਿੱਚ ਗੁਰੂ ਨਾਨਕ ਨਿਰੰਕਾਰ ਪਾਤਸ਼ਾਹ ਦਾ ਵਾਸਾ ਹੁੰਦਾ ਹੈ। ਇਸ ਲਈ ਸਤਿਸੰਗਤ ਵਿੱਚ ਸਿਫਤ ਸਲਾਹ ਹਮੇਸ਼ਾ ਗੁਰੂ ਸਾਹਿਬਾਨਾਂ ਤੇ ਨਿਰੰਕਾਰ ਜੀ ਦੀ ਹੀ ਕਰੋ। ਗੁਰਸਿੱਖ ਨੂੰ ਚਾਹੀਦਾ ਹੈ ਕਿ ਸਤਿਸੰਗਤ ਦਾ ਲਾਹਾ ਖੱਟਣ ਲਈ ਗੁਰੂ ਦਰਬਾਰ ਵਿੱਚ ਇਕਾਗਰ ਮਨ ਨਾਲ ਸ਼ਾਂਤ ਚਿਤ ਹੋ ਕੇ ਬੈਠੇ ਤੇ ਦੁਨਿਆਵੀ ਕੰਮ ਕਾਜ ਕਰਦਿਆਂ ਹੀ ਪ੍ਰਭੂ-ਪਿਆਰੇ ਨੂੰ ਦਿਲ ਵਿੱਚ ਵਸਾ ਕੇ ਨੇਕ ਕਮਾਈ ਕਰੇ।" ਤਦ ਹੀ ਬਿਨ ਮੰਗਿਆਂ ਭੀ ਸਾਡੀ ਝੋਲੀ ਦਾਤਾਂ ਨਾਲ ਭਰ ਜਾਂਦੀ ਹੈ ਤੇ ਮਿਹਰਾਂ ਦੀ ਬਖਸ਼ਿਸ਼ ਹਾਸਲ ਹੋ ਜਾਂਦੀ ਹੈ। ਸਾਨੂੰ ਗੁਰਬਾਣੀ ਦਾ ਅੱਖਰ-2 ਸ਼ਰਧਾ ਭਾਵਨਾ, ਪ੍ਰੇਮ ਤੇ ਸ਼ੁੱਧ ਮਨ ਨਾਲ ਸਤਿਕਾਰ ਸਹਿਤ ਸੁਣਨਾ ਜਾਂ ਪੜ੍ਹਨਾ ਚਾਹੀਦਾ ਹੈ। ਹਰ ਸਿੱਖ ਦਾ ਫਰਜ਼ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣੇ। ਮਿੱਠਾ ਬੋਲੇ, ਨਿਵ ਚੱਲੇ, ਸੁਕ੍ਰਿਤ ਕਰੇ ਤੇ ਫਿਰ ਦਾਨ ਤੇ ਦਸਵੰਧ ਵੱਲ ਵੀ ਧਿਆਨ ਦੇਵੇ। ਜਿਸ ਸਿੱਖ ਦਾ ਗੁਰੂ ਨਾਨਕ ਨਾਲ ਪਿਆਰ ਨਹੀਂ ਤੇ ਜਿਸਦਾ ਜੀਵਨ ਗੁਰਮਤਿ ਅਨੁਸਾਰ ਨਹੀਂ ਉਹ ਤਾਂ ਮੁਰਦਾ ਹੈ।

ਇੱਥੇ ਫਿਰ ਬਾਬਾ ਜੀ ਦਾ ਸਿੱਖ ਸੰਗਤਾਂ ਅੰਦਰ ਅਥਾਹ ਸਤਿਕਾਰ ਤੇ ਮਾਣ ਹੋਣ ਲੱਗਾ ਤੇ ਦਿਨੋ ਦਿਨ ਉਪਮਾ ਵਧਣ ਲੱਗੀ। ਜਿਸ 'ਤੇ ਆਪ ਜੀ ਇੱਕ ਦਿਨ ਚੁੱਪ-ਚੁਪੀਤੇ ਇੱਥੋਂ ਤੁਰ ਪਏ ਤੇ ਜਗਰਾਵਾਂ ਦੇ ਪਾਸ ਆਪਣੇ ਜਨਮ ਪਿੰਡ, ਸ਼ੇਰਪੁਰਾ ਵਿਖੇ ਨੌ ਗਜੀਏ ਦੀ ਕਬਰ ਕੋਲ ਆ ਆਸਣ ਲਾਇਆ। ਪਿੰਡ ਦੇ ਲੋਕੀਂ ਹੀ ਨਹੀਂ ਸਗੋਂ ਆਲੇ-ਦੁਆਲੇ ਦੀਆਂ ਸੰਗਤਾਂ ਵੀ ਹੁੰਮ-ਹੁੰਮਾ ਕੇ ਪਹੁੰਚਣ ਲੱਗੀਆਂ। ਇੱਥੋਂ ਆਪ ਜੀ ਕਲੇਰਾਂ ਪਿੰਡ ਜਿੱਥੇ ਅੱਜ ਕੱਲ ਨਾਨਕਸਰ ਗੁਰਦੁਆਰਾ ਬਣਿਆ ਹੋਇਆ ਹੈ ਇੱਥੇ ਆਪ ਜੀ ਨੇ ਆ ਡੇਰੇ ਲਾਏ। ਇਹ ਸਮਾਂ ਲਗਭਗ 1918 ਤੋਂ 1921 ਈਸਵੀ ਦਾ ਹੈ। ਇਹ ਜਗਾਂਹ ਅਤੀ ਭਿਆਨਕ ਜੰਗਲ ਸੀ, ਜਿੱਥੇ ਹਰ ਸਮੇਂ ਭਿਆਨਕ ਜੰਗਲੀ ਜਾਨਵਰਾਂ ਆਦਿ ਦਾ ਵਾਸਾ ਸੀ, ਜਿਸ ਕਾਰਨ ਰਾਤ ਨੂੰ ਤਾਂ ਕੀ ਦਿਨ ਸਮੇਂ ਵੀ ਕੋਈ ਬੰਦਾ ਇਸ ਪਾਸੇ ਨਹੀਂ ਸੀ ਆਉਂਦਾ। ਬਾਬਾ ਜੀ ਇੱਥੇ ਆਸਣ ਲਾ ਕੇ ਬੈਠ ਗਏ ਤੇ ਇਸੇ ਜੰਗਲ ਵਿੱਚ ਦੇਖਦਿਆਂ-2 ਗੁਰੂ ਨਾਨਕ ਪਾਤਸ਼ਾਹ ਦੀ ਮਿਹਰ ਸਦਕਾ ਜੰਗਲ ਵਿੱਚ ਮੰਗਲ ਰਚ ਦਿੱਤਾ ਤੇ ਰੌਣਕਾਂ ਹੀ ਰੌਣਕਾਂ ਹੋ ਗਈਆਂ। ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ।

ਹੁਣ ਬਾਬਾ ਜੀ ਦੀਵਾਨ ਸਜਾ ਕੇ ਸੰਗਤਾਂ ਨੂੰ ਗੁਰਮਤਿ ਦਾ ਸੰਦੇਸ਼ ਦੇਣ ਲੱਗੇ ਤੇ ਦਸਮ ਪਿਤਾ ਜੀ ਦੇ ਬਖਸ਼ੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦਾ ਅਜਿਹਾ ਛੱਟਾ ਮਾਰਿਆ ਕਿ ਲੱਖਾਂ ਹੀ ਪ੍ਰਾਣੀ ਆਪ ਜੀ ਦੀ ਸ਼ੁਭ ਪ੍ਰੇਰਨਾ ਸਦਕਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਬਾਬਾ ਜੀ ਫੁਰਮਾਇਆ ਕਰਦੇਸਨ ਕਿ 'ਸਿੱਖੀ ਦੀ ਦਾਤ ਤਾਂ ਸਿਰ ਦਿੱਤਿਆਂ ਨਾਲ ਹੀ ਮਿਲਦੀ ਹੈ, ਮੈਂ ਮੇਰੀ ਛੱਡਕੇ ਗੁਰੂ ਵਾਲੇ ਬਣੋ। ਗੁਰੂ ਨਾਨਕ ਪਾਤਸ਼ਾਹ ਨੂੰ ਕੀਰਤਨ ਬਹੁਤ ਪਿਆਰਾ ਸੀ ਸੋ ਤੁਸੀਂ ਵੀ ਇਸ ਭਿਆਨਕ ਕਲਯੁਗੀ ਅਗਨੀ ਤੋਂ ਬਚਣ ਲਈ ਗੁਰਬਾਣੀ ਦਾ ਕੀਰਤਨ ਕਰੋ ਜਾਂ ਸੁਣੋ। ਨਾਮ ਜਪੋ, ਸੇਵਾ ਕਰੋ। ਗੁਰੂ ਬਚਨਾਂ ਨੂੰ ਪ੍ਰਤੀਤ ਰੱਖ ਕੇ ਪਾਲੋ। ਕਲਯੁਗ ਦੇ ਗੁਰੂ ਕੇਵਲ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਹੀ ਹਨ। ਇਨ੍ਹਾਂ ਦੇ ਲੜ ਲੱਗ ਕੇ ਜੀਵਨ ਸਫਲਾ ਕਰੋ। ਤੁਸੀਂ ਸਿਫ਼ਤ ਸਲਾਹ ਕਿਸੇ ਮਨੁੱਖ ਦੀ ਜਾਂ ਸੰਤ ਮਹਾਤਮਾ ਦੀ ਨਾ ਕਰੋ ਕੇਵਲ ਗੁਰੂ ਨਾਨਕ ਨਿਰੰਕਾਰ ਪਾਤਸ਼ਾਹ ਹੀ ਸਿਫ਼ਤ ਸਲਾਹ ਕਰਵਾਉਣ ਦੇ ਹੱਕਦਾਰ ਹਨ। ਵਾਹਿਗੁਰੂ ਗੁਰਮੰਤਰ ਹੀ ਸਾਡਾ ਦਰਗਾਹੀ ਟਿਕਟ ਹੈ, ਜਿਸ ਦਾ ਸਿਮਰਨ ਕਰਕੇ ਅਸੀਂ ਜੀਵਨ ਮੁਕਤ ਹੋਣਾ ਹੈ। ਬਾਬਾ ਜੀ ਸੰਤ ਦੀ ਉਸਤਤੀ ਵਾਲੇ ਗੁਰਬਾਣੀ ਦੇ ਸ਼ਬਦ ਵੀ ਰਾਗੀਆਂ ਨੂੰ ਨਹੀਂ ਪੜ੍ਹਨ ਦਿੰਦੇ ਸਨ ਮਤੇ ਕੋਈ ਭੁੱਲਕੇ ਸਾਨੂੰ ਹੀ ਸੰਤ ਮੰਨ ਬੈਠੇ।

ਇੱਥੇ ਬਾਬਾ ਜੀ 13 ਸਾਲ ਰਹੇ। ਪੰਜਾਬ ਦੇ ਬਾਕੀ ਸੂਬਿਆਂ ਵਿੱਚ ਆਪ ਜੀ ਨੇ ਇਨ੍ਹਾਂ ਦਿਨਾਂ ਵਿੱਚ ਕਈ ਚੱਕਰ ਲਾ ਕੇ ਗੁਰਮਤਿ ਦਾ ਸੰਦੇਸ਼ ਘਰ ਘਰ ਪਹੁੰਚਾਇਆ ਪਰ ਮੁੱਖ ਪ੍ਰਚਾਰ ਕੇਂਦਰ ਬਾਬਾ ਜੀ ਨੇ ਕਲੇਰਾਂ ਹੀ ਰੱਖਿਆ। ਇੱਥੇ ਹੀ ਆਪ ਜੀ ਨੇ ਸ੍ਰ: ਭਗਤ ਸਿੰਘ ਜੀ ਜਗਰਾਵਾਂ ਵਾਲਿਆਂ ਪਾਸੋਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਉਹ ਫੋਟੋ (ਸਰੂਪ) ਬਣਵਾਇਆ। ਜੋ ਅੱਜ ਕੱਲ ਹਰ ਨਾਨਕਸਰ ਸੱਚ ਖੰਡ ਦੇ ਸਥਾਨ ਉੱਪਰ ਤੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਦੇ ਘਰ ਸਰੂਪ ਹਨ। ਇਹਨਾਂ ਤਸਵੀਰਾਂ ਨੂੰ ਦੇਖ ਕੇ ਕਈਆਂ ਦੇ ਮਨਾਂ ਅੰਦਰ ਸ਼ੰਕਾ ਪੈਦਾ ਹੁੰਦੀ ਹੈ ਕਿ ਨਾਨਕਸਰ ਵਿਖੇ ਤਾਂ ਤਸਵੀਰ ਪੂਜਾ ਹੁੰਦੀ ਹੈ। ਉਨ੍ਹਾਂ ਦੀ ਇਹ ਸ਼ੰਕਾ ਉੱਕਾ ਹੀ ਨਿਰਮੂਲ ਹੈ ਕਿਉਂਕਿ ਇੱਥੇ ਤਾਂ ਕੇਵਲ ਤੇ ਕੇਵਲ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਤੱਖ ਸਰੂਪ ਦਸਾਂ ਪਾਤਸ਼ਾਹੀਆਂ ਦੀ ਪ੍ਰਮਾਤਮਕ ਜੋਤ ਸਾਹਿਬ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹੀ ਪੂਜਾ ਕੀਤੀ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੀ ਤਸਵੀਰ ਸਾਨੂੰ ਗੁਰੂ ਨਾਨਕ ਦੇ ਸਿੱਖ ਬਣੇ ਰਹਿਣ ਦੀ ਪ੍ਰੇਰਣਾ ਕਰਦੀ ਹੈ। ਪਰ ਆਮ ਦੇਖਣ ਵਿੱਚ ਆਉਂਦਾ ਹੈ ਕਿ ਇਸ ਤਸਵੀਰ ਦੀ ਵਿਰੋਧਤਾ ਬਹੁਤੇ ਉਹ ਹੀ ਕਰਦੇ ਹਨ ਜਿਨ੍ਹਾਂ ਦੇ ਆਪਣੇ ਘਰਾਂ ਵਿੱਚ ਕਿਸੇ ਗੁਰੂ ਸਾਹਿਬਾਂ ਦੀ ਫੋਟੋ ਜਾਂ ਮਹਾਂਪੁਰਸ਼ਾਂ ਦੇ ਅਤੇ ਗੁਰਸਿੱਖੀ ਵਾਲੇ ਫੋਟੋ ਨਹੀਂ ਹੁੰਦੇ ਸਗੋਂ ਫਿਲਮੀ ਜਾਂ ਗਾਇਕੀ ਵਾਲਿਆਂ ਦੀਆਂ ਅਸ਼ਲੀਲ ਤਸਵੀਰਾਂ ਨਾਲ ਘਰ ਭਰੇ ਪਏ ਹੁੰਦੇ ਹਨ ਯਾਦ ਰੱਖੋ ਸਾਡੇ ਬੱਚੇ ਜਿਹੋ ਜਿਹੀਆਂ ਸਵੇਰੇ ਉੱਠ ਕੇ ਤਸਵੀਰਾਂ ਤੱਕਣਗੇ ਉਹੋ ਜਿਹਾ ਹੀ ਬਣਨਗੇ। ਸਾਡਾ ਲੋਕ-ਪ੍ਰਲੋਕ ਵਾਹਿਗੁਰੂ ਦੇ ਗੁਰ ਮੰਤਰ ਤੇ ਸਿਮਰਨ ਨਾਲ ਹੀ ਸੁਧਰਨਾ ਹੈ। ਨਾਮ ਨੇ ਹੀ ਬੇੜਾ ਪਾਰ ਕਰਨਾ ਹੈ, ਇਸ ਲਈ ਫੋਟੋ ਦੇ ਝਗੜੇ ਵਿੱਚ

ਅਸੀਂ ਸਮਾਂ ਅਜਾਈਂ ਨਹੀਂ ਗਵਾਉਣਾ।

ਹਰ ਪੜ੍ਹੇ ਲਿਖੇ ਅਨਪੜ੍ਹ, ਬੱਚੇ-ਬੁੱਢੇ, ਮਰਦ-ਔਰਤ ਤੇ ਅਮੀਰ ਗਰੀਬ ਆਦਿ ਨੂੰ ਲੋਕ ਅਤੇ ਪ੍ਰਲੋਕ ਸੁਧਾਰਨ ਲਈ ਸਰਬ ਸਾਂਝਾ ਉਪਦੇਸ਼ ਦਿੰਦੇ ਹੋਇਆਂ ਸ਼੍ਰੀਮਾਨ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਨਾਨਕਸਰ ਠਾਠ ਕਲੇਰਾਂ ਵਾਲੇ ਬਖਸ਼ਿਸ਼ ਕਰਦੇ ਸਨ ਕਿ ਹਰ ਇਨਸਾਨ ਨੂੰ ਮਹੀਨੇ ਵਿੱਚ **ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਇੱਕ ਪਾਠ ਖੁਦ ਕਰਨਾ ਜਾਂ ਸੁਣਨਾ ਚਾਹੀਦਾ ਹੈ। ਜੇ ਇਸ ਤਰ੍ਹਾਂ ਸੰਭਵ ਨਾ ਹੋ ਸਕੇ ਤਾਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ 50 ਪਾਠ , ਨਿਤਨੇਮ ਤੋਂ ਇਲਾਵਾ ਕੀਤੇ ਜਾਣ, ਜਾਂ ਜਪੁਜੀ ਸਾਹਿਬ ਦੇ 250 ਪਾਠ ਕੀਤੇ ਜਾਣ। ਜੇ ਕੋਈ ਵਿਅਕਤੀ ਸ਼ੁੱਧ ਪਾਠ ਨਹੀਂ ਕਰ ਸਕਦਾ ਜਾਂ ਅਨਪੜ੍ਹ ਹੈ ਤਾਂ ਉਹ 108 ਮਣਕਿਆਂ ਵਾਲੀਆਂ ਰੋਜ਼ਾਨਾ ਛੇ ਮਾਲਾ ਮੂਲ ਮੰਤਰ ਦੀਆਂ ਫੇਰੇ ਜਾਂ ਫਿਰ ਵਾਹਿਗੁਰੂ ਗੁਰਮੰਤਰ ਦੀਆਂ 80 ਮਾਲਾ ਫੇਰੇ।** ਗੁਰਬਾਣੀ ਹਮੇਸ਼ਾ ਸ਼ੁੱਧ ਪੜੋ ਫਿਰ ਉਸ ਉੱਪਰ ਵਿਚਾਰ ਕਰੋ ਤੇ ਅਮਲੀ ਜੀਵਨ ਵਿੱਚ ਲਿਆਓ, ਭਾਵੇਂ ਇਹ ਔਖਾ ਮਾਰਗ ਹੈ ਤੇ ਕੋਈ ਵਿਰਲਾ ਗੁਰਸਿੱਖ ਹੀ ਇਸ ਰਸਤੇ ਉੱਪਰ ਚੱਲਦਾ ਹੈ ਪਰ ਇਹ ਯਾਦ ਰੱਖੋ ਕਿ ਗੁਰਬਾਣੀ ਦੀ ਪੌੜੀ ਚੜ੍ਹਕੇ ਹੀ ਅਸੀਂ ਨਿਰੰਕਾਰ ਪਾਤਸ਼ਾਹ ਦੇ ਸਚਖੰਡ ਵਿੱਚ ਪਹੁੰਚ ਸਕਦੇ ਹਾਂ। ਇਹ ਭਗਤੀ ਤੇ ਸ਼ਕਤੀ ਦਾ ਅਥਾਹ ਸੋਮਾ ਹੈ। ਲੋਕ ਅਤੇ ਪ੍ਰਲੋਕ ਦੇ ਸੁੱਖ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸ਼ਰਨ ਪਿਆਂ ਹੀ ਪ੍ਰਾਪਤ ਹੁੰਦੇ ਹਨ। ਇਸ ਲਈ ਪੂਜਾ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪ੍ਰਤੱਖ ਹਾਜ਼ਰ-ਨਾਜ਼ਰ ਸਤਿਗੁਰੂ ਮੰਨ ਕੇ ਕਰੋ, ਸ਼ਰਧਾ ਤੇ ਭੈ ਭਾਵਨਾ ਰੱਖੋ, ਤੇ ਸਿਮਰਨ ਗੁਰਮੰਤਰ ਦਾ ਕਰੋ। ਇਸੇ ਪ੍ਰਕਾਰ ਨਾਮ ਸਿਮਰਨ ਵਿੱਚ ਹੀ ਸਰਬ ਸੁੱਖ ਆ ਜਾਂਦੇ ਹਨ।"

ਜੋ ਅਥਾਹ ਸਤਿਕਾਰ ਸਾਹਿਬ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਬਾਬਾ ਜੀ ਨੇ ਕਰਨਾ ਸਾਨੂੰ ਸਿਖਾਇਆ ਹੈ, ਉਹ ਜਿਹਾ ਕੋਈ ਹੋਰ ਸੰਤ ਮਹਾਂਪੁਰਸ਼ ਨਹੀਂ ਸਿਖਾ ਸਕਿਆ। ਸ਼ੰਕਾਧਾਰੀਆਂ ਨੂੰ ਕਦੇ ਨਾਨਕਸਰ ਦੇ ਸੱਚਖੰਡ ਵਿਖੇ ਜਾ ਕੇ ਇਸਦੇ ਅਮਲ ਨੂੰ ਤੱਕਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਸ਼ੰਕੇ ਆਪਣੇ ਆਪ ਹੀ ਦੂਰ ਹੋ ਜਾਣ।

ਬਾਬਾ ਜੀ ਨੇ ਇੱਥੇ ਰਹਿੰਦਿਆਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸ਼੍ਰੀ ਸੰਪਟ ਪਾਠਾਂ ਦੀ ਮਰਯਾਦਾ ਚਲਾਈ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਏ ਜਾਣ ਦਾ ਪ੍ਰਵਾਹ ਚਲਾਇਆ। ਹੁਣ ਸੰਗਤਾਂ ਦੂਰੋਂ ਨੇੜਿਓਂ ਆ ਕੇ ਮਨਭਾਉਂਦੀਆਂ ਮੁਰਾਦਾਂ ਪ੍ਰਾਪਤ ਕਰਨ ਲੱਗੀਆਂ। ਸੰਗਤਾਂ ਵਿੱਚ ਨਾਮ ਬਾਣੀ ਦਾ ਅਜਿਹਾ ਛਿੱਟਾ ਦਿੱਤਾ ਕਿ ਜੋ ਵੀ ਇੱਕ ਵਾਰ ਆਪ ਜੀ ਦੇ ਦਰ ਉੱਪਰ ਆਇਆ, ਮੁੜ ਸਦਾ ਲਈ ਆਪ ਜੀ ਦਾ ਹੀ ਬਣ ਕੇ ਰਹਿ ਗਿਆ ਆਪ ਜੀ ਦੇ ਅਧਿਆਤਮਕ ਸ਼ਕਤੀ ਨਿਰਮਾਣਤਾ ਭਗਤੀ ਭਾਵ ਸੱਚ ਤੇ ਸੁੱਚ, ਹਲੀਮੀ ਪਰਉਪਕਾਰਤਾ ਦੀ ਗਿਣਤੀ ਮਿਣਤੀ ਕੀਤੀ ਹੀ ਨਹੀਂ ਜਾ ਸਕਦੀ। ਆਪ ਸਾਡੇ ਲਈ ਇੱਕ ਰੋਸ਼ਨ ਮੁਨਾਰਾ ਅਤੇ ਪਥ ਪ੍ਰਦਰਸ਼ਕ ਸਨ। ਅਨੇਕਾਂ ਰਾਗੀ ਜਿੱਥੇ ਕੀਰਤਨ ਸਮੇਂ ਦੀਵਾਨ ਵਿੱਚ ਹਾਜ਼ਰੀ ਲਗਵਾਉਣੀ ਆਪਣੇ ਧੰਨ ਭਾਗ ਸਮਝਣ ਲੱਗੇ। ਇੱਥੇ ਰਹਿੰਦਿਆਂ ਬਾਬਾ ਜੀ ਨੇ ਜੋ ਗੁਰਮਤਿ ਦਾ ਸੱਚਾ-ਸੁੱਚਾ ਪ੍ਰਚਾਰ ਕੀਤਾ, ਉਹ ਕਥਨੀ ਤੋਂ ਬਾਹਰਾ ਹੈ। ਹਜ਼ਾਰਾਂ ਹੀ ਸੰਗਤਾਂ ਤੇ ਸ਼ਰਧਾਲੂਆਂ ਦੇ ਸ਼ੰਕੇ ਦੂਰ ਕੀਤੇ ਤੇ ਅਨੇਕਾਂ ਹੀ ਸੰਤ ਮਹਾਂਪੁਰਸ਼ਾਂ ਨਾਲ ਬ੍ਰਹਮ ਗਿਆਨ ਦੀਆਂ ਗੋਸ਼ਟਾਂ ਕਰਕੇ ਸਤਿਸੰਗ ਮਹਿਮਾ ਦਾ ਵਿਖਿਆਨ ਕੀਤਾ।

ਬਾਬਾ ਜੀ ਸੰਗਤਾਂ ਨੂੰ ਨਾਮ ਬਾਣੀ ਦੇ ਨਾਲ ਜੋੜਦੇ ਹੋਏ ਭੁੱਚੋ ਪਹੁੰਚ ਗਏ। ਇੱਥੋਂ ਖਾਨੇਵਾਲ, ਮਾਖਿਆਣਾ, ਅੰਮ੍ਰਿਤਸਰ ਹੁੰਦੇ ਹੋਏ, ਕਈ ਦਿਨਾਂ ਬਾਦ ਸ੍ਰ: ਬੱਗਾ ਸਿੰਘ ਜੀ ਦੇ ਖੂਹ ਪਾਸ ਪਿੰਡ ਝੋਰੜਾਂ ਦੇ ਨਜ਼ਦੀਕ ਆ ਡੇਰਾ ਲਾਇਆ। ਇੱਥੋਂ ਦੇ ਸੇਵਾਦਾਰ ਇੰਦਰ ਸਿੰਘ ਨੂੰ ਅਜਿਹੀ ਖਿੱਚ ਪਾਈ ਕਿ ਉਹ ਹਰ ਰੋਜ਼ ਦਰਸ਼ਨਾਂ ਨੂੰ ਪਹੁੰਚਣ ਲੱਗਾ ਤੇ ਬਾਬਾ ਜੀ ਦੇ ਹੀ ਬਣ ਗਏ ਬਾਬਾ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਸੇਵਾ ਤੇ ਸਿਮਰਨ ਵਿੱਚ ਅਜਿਹਾ ਲੱਗੇ ਕਿ ਬਾਬਾ ਜੀ ਦੀ ਅਪਾਰ ਖੁਸ਼ੀ ਦਾ ਪਾਤਰ ਬਣਕੇ ਬਾਬਾ ਈਸ਼ਰ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋ ਕੇ ਬਾਬਾ ਜੀ ਦੇ ਗੁਰਮਤਿ ਪ੍ਰਚਾਰ ਨੂੰ ਉਨ੍ਹਾਂ ਦੇ ਸੱਚਖੰਡ ਜਾਣ ਤੋਂ ਬਾਅਦ ਦੇਸ਼ ਦੇ ਕੋਨੇ ਕੋਨੇ ਤੱਕ ਫੈਲਾਇਆ। ਬਾਬਾ ਜੀ 13 ਸਾਲ ਇੱਥੇ ਰਹਿ ਕੇ ਅਖੀਰ 13 ਭਾਦੋਂ 29 ਅਗਸਤ 1943 ਨੂੰ ਪੂਰੇ 73 ਸਾਲ ਦਾ ਜੀਵਨ ਬਤੀਤ ਕਰਕੇ ਸੱਚਖੰਡ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿੱਚ ਬ੍ਰਹਮਲੀਨ ਹੋ ਗਏ। ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਅਸੀਂ ਬਾਬਾ ਜੀ ਦੇ ਪਾਏ ਪੂਰਨਿਆਂ ਅਤੇ ਦੱਸੇ ਹੋਏ ਗੁਰਮਤਿ ਗਾਡੀ ਰਾਹ ਉੱਪਰ ਚੱਲਦਿਆਂ ਆਪਣਾ ਲੋਕ ਪ੍ਰਲੋਕ ਸਫਲਾ ਕਰੀਏ।

✲✲✲